ਕਿੱਸਾ ਇਹ ਕਿ ਇੱਕ ਪੇਂਡੂ ਨੇ ਦੋ ਅਫ਼ਸਰਾਂ ਦਾ ਢਿੱਡ ਕਿਵੇਂ ਭਰਿਆ

ਮਿਖ਼ਾਈਲ ਸਲਿਤਕੋਵ–ਸ਼ਚੇਦ੍ਰਿਨ



ਕਿੱਸਾ ਇਹ ਕਿ ਇੱਕ ਪੇਂਡੂ ਨੇ ਦੋ ਅਫ਼ਸਰਾਂ ਦਾ ਢਿੱਡ ਕਿਵੇਂ ਭਰਿਆ

ਲੇਖਕ - ਮਿਖਾਈਲ ਸਲਿਤਕੋਵ-ਸ਼ਚੇਦ੍ਰਿਨ

ਅਨੁਵਾਦ - ਸੁੱਖਾ ਸਿੰਘ

ਟਾਈਟਲ ਕਵਰ ਅਤੇ ਰੇਖਾਚਿੱਤਰ — ਰਾਮਬਾਬੂ

ਅਨੁਰਾਗ ਟਰੱਸਟ

ਕੀਮਤ — 15 ਰੁਪਏ

ਪਹਿਲਾ ਪੰਜਾਬੀ ਐਡੀਸ਼ਨ — ਸਤੰਬਰ 2011

ਪ੍ਰਕਾਸ਼ਕ

ਅਨੁਰਾਗ ਟਰੱਸਟ

ਡੀ-68, ਨਿਰਾਲਾਨਗਰ

ਲਖਨਊ - 226020

ਮਿਖਾਈਲ ਸਲਿਤਕੋਵ-ਸ਼ਚੇਦ੍ਰਿਨ

(1826-1889)

"ਮਨਮਰਜ਼ੀ, ਮੱਕਾਰੀ, ਝੂਠ, ਲੋਟੂਪੁਣਾ, ਗੱਦਾਰੀ ਅਤੇ ਮੂਰਖਤਾ ਖਿਲਾਫ਼ ਆਵਾਜ਼ ਉਠਾਉਣਾ ਹੀ ਮੇਰੇ ਸਾਹਿਤ-ਸਿਰਜਣ ਦਾ ਸਥਾਈ ਵਿਸ਼ਾ ਬਣਿਆ ਰਿਹਾ ਹੈ..." ਮਿਖਾਈਲ ਸਲਿਤਕੋਵ-ਸ਼ਚੇਦ੍ਰਿਨ ਨੇ ਆਪਣੀਆਂ ਕ੍ਰਿਤਾਂ ਬਾਰੇ ਲਿਖਿਆ ਹੈ। ਉਹਨਾਂ ਦੀ ਸਭ ਤੋਂ ਜ਼ਿਆਦਾ ਮਕਬੂਲ ਰਚਨਾ ਹੈ— 'ਸ਼੍ਰੀਮਾਨ ਗੋਲੋਵਲਯੋਵ'।

ਇਸ ਵਿੱਚ ਇੱਕ ਜਿਮੀਂਦਾਰ ਪਰਿਵਾਰ ਦੀ ਕਹਾਣੀ ਦੱਸੀ ਗਈ ਹੈ। ਪਰ ਅਸਲ ਵਿੱਚ ਇਸ ਵਿੱਚ ਜ਼ਾਰ ਸਮੇਂ ਦੇ ਰੂਸ ਦੇ ਸਮੁੱਚੇ ਜਿਮੀਂਦਾਰ ਵਰਗ ਦੇ ਪਰਜੀਵੀਪੁਣੇ ਨੂੰ ਡੂੰਘੇ ਅਤੇ ਬੇਕਿਰਕ ਢੰਗ ਨਾਲ਼ ਨੰਗਾ ਕੀਤਾ ਗਿਆ ਹੈ।

'ਕਿੱਸਾ ਇਹ ਕਿ ਇੱਕ ਪੇਂਡੂ ਨੇ ਦੋ ਅਫ਼ਸਰਾਂ ਦਾ ਢਿੱਡ ਕਿਵੇਂ ਭਰਿਆ' (1869) ਲੋਕ-ਕਹਾਣੀਆਂ ਦੀ ਸ਼ੈਲੀ ਵਿੱਚ ਲਿਖਿਆ ਗਿਆ ਹੈ। ਸ਼ਚੇਦ੍ਰਿਨ ਦੁਆਰਾ ਆਪਣੇ ਜ਼ਿੰਦਗੀ ਦੇ ਆਖਰੀ ਸਾਲਾਂ ਵਿੱਚ ਲਿਖੇ ਗਏ 'ਕਿੱਸੇ' ਤਾਂ ਜਿਵੇਂ ਇਸ ਮਹਾਨ ਰੂਸੀ ਵਿਅੰਗਕਾਰ ਦੀਆਂ ਸਮੁੱਚੀਆਂ ਸਾਹਿਤਕ ਰਚਨਾਵਾਂ ਦਾ, ਜਿਹਨਾਂ ਨੇ ਰੂਸੀ ਇਨਕਲਾਬੀ ਜਮਹੂਰੀ ਚਿੰਤਨ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ, ਨਿਚੋੜ ਪੇਸ਼ ਕਰਦੇ ਹਨ।

ਲੇਖਕ ਬਾਰੇ

ਉੱਨੀਵੀਂ ਸਦੀ ਵਿੱਚ ਰੂਸ ਵਿੱਚ ਕਈ ਅਜਿਹੇ ਲੇਖਕ ਪੈਦਾ ਹੋਏ ਹਨ, ਜਿਹਨਾਂ ਦੀਆਂ ਰਚਨਾਵਾਂ ਅੱਜ ਵੀ ਸੰਸਾਰ ਸਾਹਿਤ ਦੀ ਅਣਮੁੱਲੀ ਵਿਰਾਸਤ ਮੰਨੀਆਂ ਜਾਂਦੀਆਂ ਹਨ। ਪੁਸ਼ਕਿਨ, ਗੋਗੋਲ, ਤੁਰਗਨੇਵ, ਦੋਸਤੋਯੇਵਸਕੀ, ਕੋਰੋਲੈਂਕੋ, ਚੈਖਵ ਆਦਿ ਸਾਹਿਤਕਾਰਾਂ ਦੇ ਇਸ ਤਾਰਾ-ਮੰਡਲ ਵਿੱਚ ਇੱਕ ਮਹੱਤਵਪੂਰਨ ਨਾਮ ਮਿਖਾਈਲ ਸਲਿਤਕੋਵ-ਸ਼ਚੇਦ੍ਰਿਨ ਦਾ ਵੀ ਹੈ।

ਉਹ ਯੁੱਗ ਯੂਰਪ ਅਤੇ ਰੂਸ ਦੇ ਸਾਹਿਤ ਵਿੱਚ ਯਥਾਰਥਵਾਦ ਦੇ ਵਿਕਾਸ ਦਾ ਯੁੱਗ ਸੀ। ਯਥਾਰਥਵਾਦੀ ਸਾਹਿਤ ਸਮਾਜ ਦੀਆਂ ਕੌੜੀਆਂ ਸੱਚਾਈਆਂ ਨੂੰ ਇਸ ਰੂਪ ਵਿੱਚ ਪੇਸ਼ ਕਰਦਾ ਹੈ ਕਿ ਪਾਠਕ ਬੇਚੈਨ ਹੋ ਉੱਠੇ ਅਤੇ ਸਮਾਜਿਕ ਬੁਰਾਈਆਂ ਦੇ ਕਾਰਨਾਂ ਨੂੰ ਜਾਨਣ-ਸਮਝਣ ਦੀ ਅਤੇ ਉਹਨਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰੇ। ਇਸ ਤਰ੍ਹਾਂ ਯਥਾਰਥਵਾਦੀ ਸਾਹਿਤ ਮਨੁੱਖ ਨੂੰ ਉੱਚੇ ਜੀਵਨ-ਆਦਰਸ਼ਾਂ ਲਈ ਜਿਉਣ ਅਤੇ ਸੰਘਰਸ਼ ਕਰਨ ਲਈ ਪ੍ਰੇਰਦਾ ਹੈ, ਉਸਨੂੰ ਲਗਾਤਾਰ ਹੋਰ ਬਿਹਤਰ ਮਨੁੱਖ

ਬਣਾਉਂਦਾ ਹੈ।

ਸਲਿਤਕੋਵ-ਸ਼ਚੇਦ੍ਰਿਨ ਅਜਿਹੇ ਹੀ ਸਾਹਿਤ ਦੇ ਇੱਕ ਮਹਾਨ ਸਿਰਜਕ ਸਨ। ਉਹਨਾਂ ਦਾ ਜਨਮ ਸੰਨ 1826 ਵਿੱਚ ਅਤੇ ਦੇਹਾਂਤ 1889 ਵਿੱਚ ਹੋਇਆ। ਇਹ ਰੂਸ ਵਿੱਚ ਜ਼ਾਰਸ਼ਾਹੀ ਦਾ ਜ਼ਮਾਨਾ ਸੀ। ਜ਼ਾਰ ਰੂਸ ਦੇ ਬਾਦਸ਼ਾਹ ਨੂੰ ਕਿਹਾ ਜਾਂਦਾ ਸੀ। ਜ਼ਾਰ ਦੀ ਹਕੂਮਤ ਲੋਕਾਂ ਉੱਤੇ ਜ਼ਬਰ-ਜ਼ੁਲਮ ਦੀ ਹਕੂਮਤ ਸੀ। ਦੇਸ਼ ਦੇ ਕਿਸਾਨਾਂ ਅਤੇ ਕਿਰਤੀਆਂ ਨੂੰ ਨਿਚੋੜ ਕੇ ਜਿਮੀਂਦਾਰ ਜਮਾਤ ਦੇ ਲੋਕ ਅਤੇ ਅਫ਼ਸਰ ਬੇਸ਼ੁਮਾਰ ਮੌਜ-ਮਸਤੀ ਅਤੇ ਐਯਾਸ਼ੀ ਭਰੀ ਜ਼ਿੰਦਗੀ ਜਿਉਂਦੇ ਸਨ। ਸਲਿਤਕੋਵ-ਸ਼ਚੇਦ੍ਰਿਨ ਇੱਕ ਸੁਹਿਰਦ ਮਨੁੱਖਤਾਵਾਦੀ ਸਨ। ਉਹਨਾਂ ਦੀ ਆਤਮਾ ਜਗੀਰਦਾਰਾਂ-ਜਿਮੀਂਦਾਰਾਂ ਅਤੇ ਜ਼ਾਰ ਦੇ ਅਫ਼ਸਰਾਂ ਦੇ ਪਰਜੀਵੀਪੁਣੇ ਤੇ ਬੇਕਿਰਕੀ ਖਿਲਾਫ ਬਗਾਵਤ ਕਰ ਉੱਠ ਖੜੀ ਹੋਈ। ਉਹਨਾਂ ਨੇ ਲਿਖਣ-ਕਲਾ ਨੂੰ ਹਥਿਆਰ ਬਣਾ ਕੇ ਇਨਸਾਫ ਅਤੇ ਮਨੁੱਖਤਾ ਲਈ ਸੰਘਰਸ਼ ਦਾ ਸੰਕਲਪ ਲਿਆ ਅਤੇ ਆਪਣਾ ਸਮੁੱਚਾ ਜੀਵਨ ਇਸ ਸ਼ੁਭ-ਕਾਰਜ ਦੇ ਲੇਖੇ ਲਾ ਦਿੱਤਾ।

'**ਸ਼੍ਰੀਮਾਨ ਗੋਲੋਵਲਯੋਵ**' ਸਲਿਤਕੋਵ-ਸ਼ਚੇਦ੍ਰਿਨ ਦੀ ਸਭ ਤੋਂ ਮਸ਼ਹੂਰ ਰਚਨਾ ਹੈ। ਇਸ ਵਿੱਚ ਇੱਕ ਜਿਮੀਂਦਾਰ ਪਰਿਵਾਰ ਦੀ ਕਹਾਣੀ ਦੱਸੀ ਗਈ ਹੈ। ਪਰ ਅਸਲ ਵਿੱਚ ਇਸ ਵਿੱਚ ਜ਼ਾਰ ਸਮੇਂ ਦੇ ਰੂਸ ਦੇ ਸਮੁੱਚੇ ਜਿਮੀਂਦਾਰ ਵਰਗ ਦੇ ਪਰਜੀਵੀਪੁਣੇ ਨੂੰ ਡੂੰਘੇ ਅਤੇ ਬੇਕਿਰਕ ਢੰਗ ਨਾਲ਼ ਨੰਗਾ ਕੀਤਾ ਗਿਆ ਹੈ। ਆਪਣੀਆਂ ਰਚਨਾਵਾਂ ਬਾਰੇ ਸਲਿਤਕੋਵ-ਸ਼ਚੇਦ੍ਰਿਨ ਨੇ ਇੱਕ ਥਾਂ ਲਿਖਿਆ ਹੈ: "**ਮਨਮਰਜ਼ੀ, ਮੱਕਾਰੀ, ਝੂਠ, ਲੋਟੂਪੁਣਾ, ਗੱਦਾਰੀ ਅਤੇ ਮੂਰਖਤਾ ਖਿਲਾਫ਼ ਆਵਾਜ਼ ਉਠਾਉਣਾ ਹੀ ਮੇਰੇ ਸਾਹਿਤ-ਸਿਰਜਣ ਦਾ ਸਥਾਈ ਵਿਸ਼ਾ ਬਣਿਆ ਰਿਹਾ ਹੈ...।**"

ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲਾਂ ਵਿੱਚ ਸਲਿਤਕੋਵ-ਸ਼ਚੇਦ੍ਰਿਨ ਨੇ 'ਕਿੱਸਿਆਂ' ਦੀ ਸ਼ੈਲੀ ਆਪਣਾ ਕੇ ਉਸ ਸਮੇਂ ਦੇ ਰੂਸੀ ਸਮਾਜ ਦੇ ਸ਼ਰੀਫ਼ਜ਼ਾਦਿਆਂ ਦੇ ਤੜਕ-ਭੜਕ ਅਤੇ ਪਖੰਡ ਭਰੇ ਜੀਵਨ ਨੂੰ ਆਪਣੇ ਤਿੱਖੀ ਧਾਰ ਵਾਲ਼ੇ ਵਿਅੰਗ ਦਾ ਨਿਸ਼ਾਨਾ ਬਣਾਇਆ।

ਦੁਨੀਆ ਦੇ ਕਿਸੇ ਵੀ ਦੇਸ਼ ਵਿੱਚ, ਜਦੋਂ ਤੱਕ ਬਹੁਗਿਣਤੀ ਵਸੋਂ ਦੀ ਮਿਹਨਤ ਦੇ ਸਿਰ 'ਤੇ ਮੁੱਠੀਭਰ ਨਿਕੰਮੇ ਲੋਕ ਐਸ਼ ਦੀ ਜ਼ਿੰਦਗੀ ਜਿਉਂਦੇ ਰਹਿਣਗੇ, ਉਦੋਂ ਤੱਕ ਸਲਿਤਕੋਵ-ਸ਼ਚੇਦ੍ਰਿਨ ਦੀ ਵਿਅੰਗ ਅਤੇ ਬਗ਼ਾਵਤ ਭਰੀ ਅਵਾਜ਼ ਗੂੰਜਦੀ ਰਹੇਗੀ।

✪ ✪ ✪ ✪

ਇਸ ਕਹਾਣੀ ਬਾਰੇ

'ਕਿੱਸਾ ਇਹ ਕਿ ਇੱਕ ਪੇਂਡੂ ਨੇ ਦੋ ਅਫ਼ਸਰਾਂ ਦਾ ਢਿੱਡ ਕਿਵੇਂ ਭਰਿਆ' ਨਾਮਕ ਇਹ ਕਹਾਣੀ ਸਲਿਤਕੋਵ-ਸ਼ਚੇਦ੍ਰਿਨ ਨੇ 1869 ਵਿੱਚ ਲਿਖੀ ਸੀ। ਇਹ ਬੇਹੱਦ ਦਿਲਚਸਪ ਕਹਾਣੀ ਲੋਕ-ਕਹਾਣੀਆਂ ਦੀ ਸ਼ੈਲੀ ਵਿੱਚ ਲਿਖੀ ਗਈ ਹੈ ਜਿਸ ਵਿੱਚ ਹਾਸ-ਵਿਅੰਗ ਦਾ ਭਰਪੂਰ ਮਿਸ਼ਰਣ ਹੈ। ਇਸ ਵਿੱਚ ਇੱਕ ਕਾਲਪਨਿਕ ਹਾਲਾਤ ਦੀ ਰਚਨਾ ਕੀਤੀ ਗਈ ਹੈ ਜਿਸ ਵਿੱਚ ਇੱਕ ਟਾਪੂ 'ਤੇ ਫਸੇ ਦੋ ਅਫ਼ਸਰਾਂ ਨੂੰ ਇੱਕ ਪੇਂਡੂ ਭੁੱਖੇ ਮਰਨੋਂ ਬਚਾਉਂਦਾ ਹੈ, ਉਹਨਾਂ ਦੀ ਸੇਵਾ ਕਰਦਾ ਹੈ ਅਤੇ ਫਿਰ ਉਹਨਾਂ ਨੂੰ ਘਰ ਪਹੁੰਚਾਉਂਦਾ ਹੈ। ਦੋਨੋ ਅਫ਼ਸਰ ਉਸ ਪੇਂਡੂ ਦੀ ਸੇਵਾ ਅਤੇ ਮਿਹਨਤ ਨੂੰ ਉਸਦਾ ਫ਼ਰਜ਼ ਮੰਨਦੇ ਹਨ ਅਤੇ ਆਪਣਾ ਜਨਮਸਿੱਧ ਅਧਿਕਾਰ ਸਮਝਦੇ ਹਨ। ਉਹ ਉਸ ਪੇਂਡੂ ਦਾ ਅਹਿਸਾਨ ਮੰਨਣ ਦੀ ਥਾਂ ਹਰ ਗੱਲ ਵਿੱਚ ਉਸਨੂੰ ਝਿੜਕਦੇ-ਫਿਟਕਾਰਦੇ ਰਹਿੰਦੇ ਹਨ।

ਸਲਿਤਕੋਵ-ਸ਼ਚੇਦ੍ਰਿਨ ਦਰਅਸਲ ਇਸ ਕਹਾਣੀ ਵਿੱਚ ਜਿਹੜਾ ਸਵਾਲ ਉਠਾਉਂਦੇ ਹਨ, ਉਹ ਅੱਜ ਵੀ ਮੌਜੂਦ ਹੈ ਅਤੇ ਸਾਡੇ ਆਲ਼ੇ-ਦੁਆਲ਼ੇ ਹਰ ਪਾਸੇ ਮੌਜੂਦ ਹੈ। ਸਾਡੇ ਸਮਾਜ ਵਿੱਚ ਵੀ ਪੜ੍ਹੇ-ਲਿਖੇ ਸਫੈਦਪੋਸ਼ ਲੋਕ ਮਿਹਨਤ-ਮਜ਼ਦੂਰੀ ਕਰਨ ਵਾਲ਼ਿਆ ਨੂੰ ਉਸੇ ਤਰ੍ਹਾਂ ਨਿਰਾਦਰ ਭਰੀਆਂ ਨਜ਼ਰਾਂ ਨਾਲ਼ ਦੇਖਦੇ ਹਨ ਜਿਵੇਂ ਪਹਿਲਾਂ ਜਗੀਰੂ ਕੁਲੀਨ ਲੋਕ ਦੇਖਿਆ ਕਰਦੇ ਸਨ। ਜਿਹੜੇ ਖੇਤਾਂ ਵਿੱਚ ਅਨਾਜ-ਸਬਜੀਆਂ ਉਗਾਉਂਦੇ ਹਨ, ਜਿਹੜੇ ਕਾਰਖਾਨਿਆਂ ਵਿੱਚ ਲੋਹਾ, ਬਿਜਲੀ, ਸੀਮਿੰਟ, ਕੱਪੜਾ, ਕਾਗਜ਼ ਪੈਦਾ ਕਰਦੇ ਹਨ, ਜਿਹੜੇ ਬੰਨ੍ਹ, ਸੜਕਾਂ, ਇਮਾਰਤਾਂ, ਕਾਰਖਾਨੇ ਬਣਾਉਂਦੇ ਹਨ, ਜਿਹੜੇ ਰਿਕਸ਼ੇ, ਆਟੋ, ਰੇਹੜੀਆਂ ਆਦਿ ਚਲਾਉਂਦੇ ਹਨ, ਜਿਹੜੇ ਸਾਡੇ ਜਿਉਣ ਲਈ ਸਭ ਤੋਂ ਬੁਨਿਆਦੀ ਲੋੜਾਂ ਦੀਆਂ ਚੀਜ਼ਾਂ ਪੈਦਾ ਕਰਦੇ ਹਨ, ਉਹਨਾਂ ਨੂੰ ਹੀ ਅਕਸਰ ਪੜ੍ਹੇ-ਲਿਖੇ ਲੋਕ ਆਪਣੇ ਪੈਰ ਦੀ ਜੁੱਤੀ ਸਮਝਦੇ ਹਨ। ਮਨੁੱਖ ਨੇ ਆਪਣੀ ਵਿਕਾਸ-ਪ੍ਰਕਿਰਿਆ ਵਿੱਚ ਜਿਉਣ ਦੀਆਂ ਲੋੜਾਂ ਤੋਂ ਉਤਪਾਦਨ ਦੀ ਸ਼ੁਰੂਆਤ ਕੀਤੀ ਸੀ ਅਤੇ ਫਿਰ ਉਤਪਾਦਨ ਦੇ ਵਿਕਾਸ ਲਈ ਉਤਪਾਦਨ ਤੋਂ ਹੀ ਹਾਸਿਲ ਹੋਏ ਤਜ਼ਰਬਿਆਂ ਨੂੰ ਵਰਤਿਆ ਗਿਆ। ਇਸ ਤਰ੍ਹਾਂ ਗਿਆਨ ਦਾ ਜਨਮ ਹੋਇਆ। ਪਰ ਅੱਗੇ ਜਾ ਕੇ ਸਮਾਜ ਵਿੱਚ ਜਦੋਂ ਨਾਬਰਾਬਰੀ ਪੈਦਾ ਹੋਈ, ਜਦੋਂ ਥੋੜੇ ਜਿਹੇ ਲੋਕ ਵਿਵਸਥਾ ਦੇ ਨਾਮ 'ਤੇ ਕੰਮ ਕਰਨ ਵਾਲ਼ੇ ਲੋਕਾਂ 'ਤੇ ਰਾਜ ਕਰਨ ਲੱਗੇ ਅਤੇ ਮੁਫ਼ਤਖੋਰ ਹੋ ਗਏ ਤਾਂ ਫਿਰ ਬੌਧਿਕ ਕਿਰਤ ਅਤੇ ਸਰੀਰਕ ਕਿਰਤ ਦਾ ਬਟਵਾਰਾ ਵੀ ਵੱਧਦਾ ਹੀ ਗਿਆ, ਬੌਧਿਕ ਕੰਮ ਕਰਨ ਵਾਲ਼ੇ ਸਰੀਰਕ ਕੰਮ ਕਰਨ ਵਾਲ਼ਿਆਂ ਨੂੰ ਨੀਵੇਂ ਸਮਝਣ ਲੱਗੇ। ਇਹ ਗੱਲ ਸ਼ਹਿਰ ਵਿੱਚ, ਪਿੰਡ ਵਿੱਚ—ਹਰ ਥਾਂ ਦੇਖੀ ਜਾ ਸਕਦੀ ਹੈ। ਭਾਰਤ ਵਿੱਚ ਜਾਤ-ਪਾਤ ਦੀ ਵਿਵਸਥਾ ਦੀ ਸ਼ੁਰੂਆਤ ਵਿੱਚ ਵੀ ਇਹ ਗੱਲ ਵੇਖੀ ਜਾ ਸਕਦੀ ਹੈ।

ਮਨੁੱਖੀ ਸਮਾਜ ਵਿੱਚ ਸਰੀਰਕ ਕਿਰਤ ਅਤੇ ਬੌਧਿਕ ਕਿਰਤ ਦਾ ਫ਼ਰਕ ਜਦੋਂ ਤੱਕ ਰਹੇਗਾ, ਉਦੋਂ ਤੱਕ ਪਰਜੀਵੀ ਲੋਕ ਉਤਪਾਦਨ ਦੇ ਕੰਮਾਂ ਅਤੇ ਉਤਪਾਦਨ ਕਰਨ ਵਾਲ਼ਿਆਂ ਨੂੰ ਨੀਵੇਂ ਕਰਕੇ ਦੇਖਦੇ ਰਹਿਣਗੇ, ਉਦੋਂ ਤੱਕ ਸੱਚਾ ਮਨੁੱਖੀ ਅਤੇ ਇਨਸਾਫ਼ ਤੇ ਬਰਾਬਰੀ ਵਾਲ਼ਾ ਸਮਾਜ ਨਹੀਂ ਬਣ ਸਕਦਾ। ਬੇਸ਼ੱਕ ਇਹ ਇੱਕ ਲੰਮਾ ਸਫ਼ਰ ਹੈ। ਪਰ ਇਹੀ ਮਨੁੱਖੀ ਸਮਾਜ ਦੀ ਮੰਜ਼ਿਲ ਹੈ। ਸੱਚਾ ਸਾਹਿਤ ਸਾਨੂੰ ਇਸ ਮੰਜ਼ਿਲ ਦੀ ਹਰ ਪਲ ਯਾਦ ਦਿਲਾਉਂਦਾ ਰਹਿੰਦਾ ਹੈ ਅਤੇ ਇਸਨੂੰ ਆਪਣੇ ਜੀਵਨ ਦਾ ਮਕਸਦ ਬਣਾਉਣ ਲਈ ਪ੍ਰੇਰਦਾ ਰਹਿੰਦਾ ਹੈ। ਸਲਿਤਕੋਵ-ਸ਼ਚੇਦ੍ਰਿਨ ਦੀਆਂ ਰਚਨਾਵਾਂ ਇਸੇ ਸ਼੍ਰੇਣੀ ਦਾ ਸਾਹਿਤ ਹਨ ਅਤੇ ਇਹ ਕਹਾਣੀ ਵੀ ਇਸ ਨਜ਼ਰ ਤੋਂ ਬੇਹੱਦ ਮਹੱਤਵਪੂਰਨ ਹੈ।

ਕਿੱਸਾ ਇਹ ਕਿ ਇੱਕ ਪੇਂਡੂ ਨੇ ਦੋ ਅਫ਼ਸਰਾਂ ਦਾ ਢਿੱਡ ਕਿਵੇਂ ਭਰਿਆ

ਕਹਿੰਦੇ ਹਨ ਕਿ ਕਿਸੇ ਜ਼ਮਾਨੇ ਵਿੱਚ ਦੋ ਅਫ਼ਸਰ ਰਹਿੰਦੇ ਸਨ। ਦੋਵੇਂ ਹੀ ਬਹੁਤ ਖੁਸ਼ਮਿਜਾਜ਼ ਅਤੇ ਮਨਮੌਜੀ ਸਨ। ਇੱਕ ਵਾਰ ਉਨ੍ਹਾਂ ਨੂੰ ਪਤਾ ਨਹੀਂ ਕੀ ਸੁੱਝੀ ਕਿ ਦੋਵੇਂ ਹੀ ਇੱਕ ਅਜਿਹੇ ਸਮੁੰਦਰੀ ਟਾਪੂ ਉੱਪਰ ਚਲੇ ਗਏ ਜਿੱਥੇ ਕਿਸੇ ਆਦਮੀ ਦਾ ਨਾਮੋ-ਨਿਸ਼ਾਨ ਵੀ ਨਹੀਂ ਸੀ।

ਦੋਵੇਂ ਅਫ਼ਸਰਾਂ ਨੇ ਸਾਰੀ ਉਮਰ ਕਿਸੇ ਦਫ਼ਤਰ ਵਿੱਚ ਨੌਕਰੀ ਕੀਤੀ ਸੀ। ਉਹ ਦੋਵੇਂ ਉੱਥੇ ਹੀ ਜੰਮੇ, ਉੱਥੇ ਹੀ ਉਨ੍ਹਾਂ ਦਾ ਪਾਲਣ-ਪੋਸ਼ਣ ਹੋਇਆ ਅਤੇ ਉਸ ਦਫ਼ਤਰੀ ਘੇਰੇ ਵਿੱਚ ਹੀ ਉਹ ਬੰਦ ਰਹੇ। ਨਤੀਜਾ ਇਹ ਹੋਇਆ ਕਿ ਉਹ ਦੋਵੇਂ ਖੂਹ ਦੇ ਡੱਡੂ ਬਣ ਗਏ, ਨਾ ਉਹ ਕੁਝ ਹੋਰ ਜਾਣਨ ਅਤੇ ਨਾ ਕੁਝ ਸਮਝਣ। ਬਸ ਇਨ੍ਹਾਂ ਸ਼ਬਦਾਂ ਤੱਕ ਹੀ ਉਨ੍ਹਾਂ ਦੀ ਦੌੜ ਸੀ—"ਸਰ, ਆਪਣੀ ਵਫ਼ਾਦਾਰੀ ਦਾ ਵਿਸ਼ਵਾਸ ਦਿਲਾਉਂਦਾ ਹਾਂ।"

ਕੁਝ ਸਮਾਂ ਬੀਤਿਆ, ਉਸ ਦਫ਼ਤਰ ਦੀ ਹੁਣ ਕੋਈ ਲੋੜ ਨਾ ਰਹੀ, ਉਸ ਨੂੰ ਬੰਦ ਕਰ ਦਿੱਤਾ ਗਿਆ। ਉਨ੍ਹਾਂ ਦੋਵਾਂ ਅਫ਼ਸਰਾਂ ਨੂੰ ਉੱਥੋਂ ਕੱਢ ਦਿੱਤਾ ਗਿਆ। ਜਦੋਂ ਕਰਨ ਲਈ ਕੋਈ ਕੰਮ-ਕਾਰ ਨਾ ਰਿਹਾ ਤਾਂ ਦੋਵੇਂ ਅਫ਼ਸਰ ਪੀਟਰਜ਼ਬਰਗ ਦੀ ਪੋਦਾਚੇਸਕਾਯਾ ਸੜਕ ਉੱਪਰ ਆ ਵਸੇ। ਦੋਵੇਂ ਵੱਖ ਵੱਖ ਮਕਾਨਾਂ ਵਿੱਚ ਰਹਿਣ ਲੱਗ ਪਏ, ਦੋਵਾਂ ਨੇ ਵੱਖ ਵੱਖ ਖਾਣਾ ਬਣਾਉਣ ਵਾਲ਼ੀਆਂ ਨੌਕਰਾਣੀਆਂ ਰੱਖੀਆਂ ਅਤੇ ਦੋਵਾਂ ਨੂੰ ਆਪਣੀ ਆਪਣੀ ਪੈਨਸ਼ਨ ਮਿਲਣ ਲੱਗੀ। ਇੱਕ ਦਿਨ ਅਚਾਨਕ ਕੀ ਹੋਇਆ ਕਿ ਦੋਵੇਂ ਇੱਕ ਅਜਿਹੇ ਸਮੁੰਦਰੀ ਟਾਪੂ ਉੱਪਰ ਚਲੇ ਗਏ, ਜਿੱਥੇ ਨਾ ਕੋਈ ਆਦਮੀ ਸੀ, ਨਾ ਆਦਮੀ ਦੀ ਜਾਤ। ਜਦੋਂ ਉਨ੍ਹਾਂ ਦੀ ਅੱਖ ਖੁੱਲ੍ਹੀ ਤਾਂ ਉਨ੍ਹਾਂ ਕੀ ਵੇਖਿਆ ਕਿ ਦੋਵੇਂ ਇੱਕ ਹੀ ਰਜਾਈ ਵਿੱਚ ਸੁੰਘੜੇ ਹੋਏ ਪਏ ਹਨ। ਪਹਿਲਾਂ ਤਾਂ ਉਹ ਦੋਵੇਂ ਇੱਕ ਦੂਜੇ ਦਾ ਮੂੰਹ ਹੀ ਵੇਖਦੇ ਰਹੇ, ਕੁਝ ਵੀ ਨਾ ਸਮਝ ਸਕੇ ਕਿ ਆਖਰ ਮਾਜਰਾ ਕੀ ਹੈ। ਫਿਰ ਇਵੇਂ ਗੱਲਾਂ ਕਰਨ ਲੱਗੇ ਕਿ



ਜਿਵੇਂ ਕੁਝ ਹੋਇਆ ਹੀ ਨਾ ਹੋਵੇ। "ਯਾਰ! ਹੁਣੇ ਹੁਣੇ ਮੈਂ ਇੱਕ ਅਜੀਬ ਸੁਪਨਾ ਵੇਖਿਆ ਹੈ।" ਇੱਕ ਅਫ਼ਸਰ ਨੇ ਕਿਹਾ। "ਸੁਪਨੇ ਵਿੱਚ ਕੀ ਵੇਖਦਾ ਹਾਂ ਕਿ ਮੈਂ ਇੱਕ ਅਜਿਹੇ ਸਮੁੰਦਰੀ ਟਾਪੂ ਉੱਤੇ ਜਾ ਪਹੁੰਚਿਆ ਹਾਂ ਜਿੱਥੇ ਆਦਮੀ ਦਾ ਕੋਈ ਨਾਮੋ-ਨਿਸ਼ਾਨ ਤੱਕ ਨਹੀਂ।"

ਏਨੀ ਗੱਲ ਕਹਿ ਕੇ ਉਹ ਇੱਕਦਮ ਉੱਭੜਵਾਹੇ ਉੱਠਿਆ। ਦੂਸਰਾ ਅਫ਼ਸਰ ਵੀ ਉੱਭੜਵਾਹੇ ਉੱਠਿਆ।

"ਹਾਏ ਰਾਮ! ਇਹ ਕੀ ਮਾਜ਼ਰਾ ਹੈ।"

"ਕਿੱਥੇ ਹਾਂ ਆਪਾਂ?" ਦੋਵੇਂ ਅਫ਼ਸਰ ਇੱਕੋ ਵੇਲ਼ੇ ਚੀਕੇ। ਬਿਲਕੁਲ ਓਪਰੀ-ਓਪਰੀ ਜਿਹੀ ਉਨ੍ਹਾਂ ਦੀ ਅਵਾਜ਼ ਸੀ।

ਇਹ ਦੇਖਣ ਲਈ ਕਿ ਕੀ ਇਹ ਇੱਕ ਸੁਪਨਾ ਹੈ ਜਾਂ ਸੱਚਾਈ, ਉਹ ਇੱਕ ਦੂਜੇ ਨੂੰ ਹੱਥ ਲਾ ਲਾ ਕੇ ਵੇਖਣ ਲੱਗੇ। ਪਰ ਜਿੰਨਾ ਉਹ ਆਪਣੇ-ਆਪ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦੇ ਕਿ ਇਹ ਸੁਪਨੇ ਤੋਂ ਵੱਧ ਕੁਝ ਨਹੀਂ ਸੀ, ਓਨਾ ਹੀ ਉਨ੍ਹਾਂ ਨੂੰ ਅਫ਼ਸੋਸ ਹੁੰਦਾ ਅਤੇ ਨਾਲ਼ ਹੀ ਇਹ ਸੱਚ ਮੰਨਣ ਲਈ ਮਜ਼ਬੂਰ ਹੋਣਾ ਪੈਂਦਾ ਕਿ ਇਹ ਇੱਕ ਠੋਸ ਸੱਚਾਈ ਹੈ।

ਉਨ੍ਹਾਂ ਦੀਆਂ ਅੱਖਾਂ ਸਾਹਮਣੇ ਇੱਕ ਪਾਸੇ ਤਾਂ ਠਾਠਾਂ ਮਾਰਦਾ ਸਮੁੰਦਰ ਅਤੇ ਦੂਜੇ ਪਾਸੇ ਧਰਤੀ ਦਾ ਇੱਕ ਛੋਟਾ ਜਿਹਾ ਟੁਕੜਾ ਸੀ। ਧਰਤੀ ਦੇ ਇਸ ਟੁਕੜੇ ਤੋਂ ਅੱਗੇ ਜਿੱਥੋਂ ਤੱਕ ਵੀ ਨਜ਼ਰ ਜਾਂਦੀ ਸੀ, ਠਾਠਾਂ ਮਾਰਦਾ ਸਮੁੰਦਰ ਹੀ ਵਿਖਾਈ ਦਿੰਦਾ ਸੀ। ਦਫ਼ਤਰ ਬੰਦ ਹੋਣ ਤੋਂ ਬਾਅਦ ਦੋਵੇਂ ਅਫ਼ਸਰਾਂ ਦੇ ਰੋਣ ਦਾ ਇਹ ਪਹਿਲਾ ਮੌਕਾ ਸੀ।


ਦੋਵੇਂ ਅਫ਼ਸਰਾਂ ਨੇ ਗੌਰ ਨਾਲ਼ ਇੱਕ ਦੂਜੇ ਨੂੰ ਵੇਖਿਆ। ਕੀ ਦੇਖਦੇ ਹਨ ਕਿ ਉਹ ਦੋਵੇਂ ਸੌਣ ਵਾਲ਼ੇ ਕੱਪੜਿਆਂ ਵਿੱਚ ਹੀ ਹਨ ਅਤੇ ਦੋਵਾਂ ਦੇ ਗਲ਼ੇ ਵਿੱਚ ਲਿਸ਼ਕਦੇ ਸਰਕਾਰੀ ਤਮਗੇ ਲਟਕ ਰਹੇ ਹਨ।

"ਹੁਣੇ ਜੇਕਰ ਗਰਮ-ਗਰਮ ਕੌਫੀ ਮਿਲ਼ ਜਾਵੇ, ਤਾਂ ਕਿੰਨਾ ਮਜ਼ਾ ਆਵੇ।" ਇੱਕ ਅਫ਼ਸਰ ਦੇ ਮੂੰਹੋਂ ਇਹ ਗੱਲ ਨਿਕਲ਼ ਹੀ ਗਈ। ਪਰ ਤੁਰੰਤ ਉਸ ਨੂੰ ਇਹ ਗੱਲ ਯਾਦ ਆਈ ਕਿ ਉਸ ਦੇ ਨਾਲ਼ ਇਹ ਕਿੰਨਾ ਘਟੀਆ ਮਜ਼ਾਕ ਹੋਇਆ ਹੈ, ਜੋ ਨਾ ਅੱਜ ਤੱਕ ਕਿਸੇ ਨੇ ਵੇਖਿਆ ਤੇ ਨਾ ਸੁਣਿਆ ਹੋਵੇਗਾ। ਉਹ ਦੂਜੀ ਵਾਰੀ ਫਿਰ ਰੋ ਪਿਆ।

"ਪਰ, ਹੁਣ ਆਪਾਂ ਕਰਾਂਗੇ ਵੀ ਤਾਂ ਕੀ?" ਹੰਝੂ ਵਹਾਉਂਦੇ ਵਹਾਉਂਦੇ ਉਹ ਬੋਲਦਾ ਗਿਆ। "ਕੀ ਛੇਤੀ ਛੇਤੀ ਰਿਪੋਰਟ ਲਿਖ ਕੇ ਤਿਆਰ ਕੀਤੀ ਜਾਵੇ? ਪਰ ਇਸ ਦਾ ਕੀ ਫਾਇਦਾ ਹੋਵੇਗਾ?"

"ਏਧਰ ਧਿਆਨ ਦੇ, ਮੈਂ ਦੱਸਦਾਂ ਯਾਰ।" ਦੂਜੇ ਅਫ਼ਸਰ ਨੇ ਜਵਾਬ ਦਿੱਤਾ, "ਤੂੰ ਪੂਰਬ ਦਿਸ਼ਾ ਵੱਲ ਜਾ ਅਤੇ ਮੈਂ ਜਾਂਦਾ ਹਾਂ ਪੱਛਮ ਦਿਸ਼ਾ ਵੱਲ। ਸ਼ਾਮ ਨੂੰ ਫਿਰ ਇਸੇ ਥਾਂ ਮਿਲਾਂਗੇ। ਹੋ ਸਕਦਾ ਹੈ ਕਿ ਕੋਈ ਰਾਹ ਨਿਕਲ਼ ਆਵੇ!"

ਫਿਰ ਪੂਰਬ ਅਤੇ ਪੱਛਮ ਦਿਸ਼ਾ ਲੱਭਣੀ ਸ਼ੁਰੂ ਕੀਤੀ। ਉਨ੍ਹਾਂ ਨੂੰ ਇਹ ਗੱਲ ਯਾਦ ਆਈ ਕਿ ਕਿਵੇਂ



ਇੱਕ ਵਾਰ ਇੱਕ ਵੱਡੇ ਅਫ਼ਸਰ ਨੇ ਸਮਝਾਇਆ ਸੀ—ਜੇਕਰ ਪੂਰਬ ਦਿਸ਼ਾ ਲੱਭਣੀ ਚਾਹੁੰਦੇ ਹੋ ਤਾਂ ਉੱਤਰ ਦਿਸ਼ਾ ਵੱਲ ਮੂੰਹ ਕਰਕੇ ਖੜ੍ਹੇ ਹੋ ਜਾਵੋ। ਤੁਹਾਡੇ ਸੱਜੇ ਹੱਥ ਪੂਰਬ ਦਿਸ਼ਾ ਹੋਵੇਗੀ। ਫਿਰ ਉਨ੍ਹਾਂ ਨੇ ਉੱਤਰ ਦਿਸ਼ਾ ਲੱਭਣੀ ਸ਼ੁਰੂ ਕੀਤੀ, ਪਹਿਲਾਂ ਏਧਰ ਘੁੰਮੇ, ਫਿਰ ਓਧਰ ਘੁੰਮੇ, ਸਾਰੀਆਂ ਦਿਸ਼ਾਵਾਂ ਵਿੱਚ ਘੁੰਮ ਘੁੰਮ ਕੇ ਥੱਕ ਹਾਰ ਗਏ। ਪਰ ਕਿਉਂਕਿ ਸਾਰੀ ਉਮਰ ਤਾਂ ਲੰਘੀ ਸੀ ਦਫ਼ਤਰ ਦੇ ਘੇਰੇ ਵਿੱਚ ਬੰਦ ਰਹਿ ਕੇ, ਇਸ ਲਈ ਨਾ ਪੂਰਬ ਲੱਭਿਆ, ਨਾ ਉੱਤਰ।

"ਦੇਖ ਯਾਰ, ਇੰਝ ਕਰਦੇ ਹਾਂ ਕਿ ਤੂੰ ਜਾ ਸੱਜੇ ਪਾਸੇ ਅਤੇ ਮੈਂ ਜਾਵਾਂਗਾ ਖੱਬੇ ਪਾਸੇ। ਇਹ ਠੀਕ ਰਹੇਗਾ।" ਇੱਕ ਅਫ਼ਸਰ ਨੇ ਦੂਜੇ ਨੂੰ ਕਿਹਾ। ਇਹ ਸੁਝਾਅ ਦੇਣ ਵਾਲ਼ਾ ਅਫ਼ਸਰ ਦਫ਼ਤਰ ਵਿੱਚ ਕੰਮ ਕਰਨ ਤੋਂ ਬਿਨਾਂ ਫੌਜੀਆਂ ਦੇ ਬੱਚਿਆਂ ਦੇ ਸਕੂਲ ਵਿੱਚ ਕੁਝ ਸਾਲਾਂ ਤੱਕ ਸੁਲੇਖ ਦਾ ਅਧਿਆਪਕ ਵੀ ਰਿਹਾ ਸੀ। ਇਸੇ ਗੱਲ ਕਾਰਨ ਉਹ ਕੁਝ ਵੱਧ ਸਮਝਦਾਰ ਸੀ।

ਇਹ ਗੱਲ ਤੈਅ ਹੋਈ ਅਤੇ ਦੋਨੋਂ ਅਫ਼ਸਰ ਤੁਰ ਪਏ। ਸੱਜੇ ਹੱਥ ਜਾਣ ਵਾਲ਼ੇ ਅਫ਼ਸਰ ਨੇ ਵੇਖਿਆ ਕਿ ਰੁੱਖ ਹਵਾ ਵਿੱਚ ਝੂਮ ਰਹੇ ਹਨ। ਫਲਾਂ ਨਾਲ਼ ਟਾਹਣੀਆਂ ਲੱਦੀਆਂ ਹੋਈਆਂ ਹਨ। ਅਫ਼ਸਰ ਦਾ ਮਨ ਲਲਚਾਇਆ ਕਿ ਫਲ ਖਾਧੇ ਜਾਣ, ਭਾਵੇਂ ਇੱਕ ਸੇਬ ਹੀ ਕਿਉਂ ਨਾ ਖਾਧਾ ਜਾਵੇ। ਪਰ ਸੇਬ ਇੰਨੇ ਉੱਚੇ ਲੱਗੇ ਹੋਏ ਸਨ ਕਿ ਉਨ੍ਹਾਂ ਤੱਕ ਪਹੁੰਚਣਾ ਬਹੁਤ ਮੁਸ਼ਕਿਲ ਸੀ। ਪਰ ਫਿਰ ਵੀ ਉਸ ਨੇ ਰੁੱਖ ਉੱਪਰ ਚੜ੍ਹਨ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਹੱਥ ਪੱਲੇ ਕੁਝ ਨਾ ਲੱਗਾ। ਉਸ ਦੀ ਕਮੀਜ਼ ਲੀਰੋ ਲੀਰ ਹੋ ਗਈ। ਫਿਰ ਅਫ਼ਸਰ ਕੁਝ ਅੱਗੇ ਜਾ ਕੇ ਇੱਕ ਛੋਟੇ ਜਿਹੇ ਟੋਏ ਕੋਲ਼ ਪਹੁੰਚਿਆ। ਦੇਖਿਆ ਕਿ ਉਸ ਵਿੱਚ ਬਹੁਤ ਹੀ ਪਿਆਰੀਆਂ-ਪਿਆਰੀ

ਮੱਛੀਆਂ ਹਨ, ਬਿਲਕੁਲ ਅਜਿਹੀਆਂ ਜਿਸ ਤਰ੍ਹਾਂ ਦੀਆਂ ਫੋਨਤਾਂਕਾ ਸੜਕ ਨੇ ਨੇੜਲੇ ਤਲਾਬ ਵਿੱਚ ਹਨ। ਮੱਛੀਆਂ ਖੇਲਦੀਆਂ ਹੋਈਆਂ ਏਧਰ-ਉੱਧਰ ਪਾਨੀ ਵਿੱਚ ਛੱਪ-ਛੱਪ ਕਰ ਰਹੀਆਂ ਸਨ।

"ਕਾਸ਼! ਪੋਦਾਚੇਸਕਾਯਾ ਸੜਕ ਵਾਲ਼ੇ ਮੇਰੇ ਘਰ ਵਿੱਚ ਅਜਿਹੀਆਂ ਮੱਛੀਆਂ ਹੁੰਦੀਆਂ?" ਅਫ਼ਸਰ ਨੇ ਸੋਚਿਆ ਅਤੇ ਉਸ ਦੇ ਮੂੰਹ ਵਿੱਚ ਪਾਨੀ ਭਰ ਆਇਆ।

ਅਫ਼ਸਰ ਪਹੁੰਚਿਆ ਜੰਗਲ਼ ਵਿੱਚ—ਜਿੱਥੇ ਜੰਗਲ਼ੀ ਮੁਰਗੇ ਸੀਟੀਆਂ ਵਜਾ ਰਹੇ ਸਨ, ਤਿੱਤਰ-ਬਟੇਰੇ ਕਟਰ-ਕਟਰ ਕਰਦੇ ਅਤੇ ਖਰਗੋਸ਼ ਨੱਚਦੇ-ਟੱਪਦੇ ਫਿਰ ਰਹੇ ਸਨ।

"ਹਾਇ ਰੱਬਾ! ਏਧਰ ਦੇਖੋ ਭੋਜਨ! ਉੱਧਰ ਵੇਖੋ ਭੋਜਨ।" ਅਫ਼ਸਰ ਨੇ ਕੁਝ ਅਜਿਹਾ ਮਹਿਸੂਸ ਕੀਤਾ ਕਿ ਉਸ ਨੂੰ ਉਬਾਸੀ ਆਈ ਕਿ ਆਈ।

ਆਖ਼ਰ ਉਹ ਕੀ ਕਰਦਾ! ਮਿਲ਼ਣ ਲਈ ਨਿਸ਼ਚਿਤ ਕੀਤੀ ਥਾਂ ਉਹ ਖਾਲੀ ਹੱਥ ਮੁੜਿਆ। ਉੱਥੇ ਪਹੁੰਚਿਆ ਤਾਂ ਵੇਖਿਆ ਕਿ ਪਹਿਲਾ ਅਫ਼ਸਰ ਉੱਥੇ ਪਹਿਲਾਂ ਹੀ ਪਹੁੰਚਿਆ ਹੋਇਆ ਸੀ।

"ਦੱਸ, ਯਾਰ, ਕੋਈ ਕੰਮ ਬਣਿਆ, ਕੋਈ ਰਾਹ ਲੱਭਿਆ?"

" 'ਮੋਸਕੋਵਿਸਕੇ ਵੇਦੋਮੋਸਤੀ' ਅਖ਼ਬਾਰ ਦੀ ਇੱਕ ਪੁਰਾਣੀ ਕਾਪੀ ਲੱਭੀ ਹੈ, ਬਸ ਹੋਰ ਕੁਝ ਹੱਥ ਨਹੀਂ ਲੱਗਾ।"

ਦੋਵੇਂ ਅਫ਼ਸਰ ਫਿਰ ਸੌਣ ਲਈ ਲੰਮੇ ਪੈ ਗਏ। ਪਰ ਢਿੱਡ ਵਿੱਚ ਤਾਂ ਚੂਹੇ ਦੌੜ ਰਹੇ ਸਨ, ਨੀਂਦ ਭਲ਼ਾ ਕਿਵੇਂ ਆਉਂਦੀ, ਕਦੇ ਉਨ੍ਹਾਂ ਨੂੰ ਇਹ ਖਿਆਲ ਪ੍ਰੇਸ਼ਾਨ ਕਰਦਾ ਕਿ ਉਨ੍ਹਾਂ ਦੀ ਥਾਂ ਉਨ੍ਹਾਂ ਦੀ ਪੈਨਸ਼ਨ ਕੌਣ ਵਸੂਲ ਕਰੇਗਾ ਅਤੇ ਕਦੀ ਦਿਨ ਵੇਲ਼ੇ ਦੇਖੇ ਹੋਏ ਫਲ਼, ਮੱਛੀਆਂ, ਮੁਰਗੇ, ਤਿੱਤਰ-ਬਟੇਰੇ ਅਤੇ ਖਰਗੋਸ਼ ਉਨ੍ਹਾਂ ਦੀਆਂ ਅੱਖਾਂ ਅੱਗੇ ਘੁੰਮਣ ਲੱਗਦੇ।

"ਕੌਣ ਇਸ ਗੱਲ ਦੀ ਕਲਪਨਾ ਕਰ ਸਕਦਾ ਸੀ ਯਾਰ, ਕਿ ਇਨਸਾਨ ਦੀ ਖ਼ੁਰਾਕ ਆਪਣੀ ਅਸਲੀ ਹਾਲਤ ਵਿੱਚ ਹਵਾ ਵਿੱਚ ਉੱਡਦੀ ਅਤੇ ਪਾਣੀ ਵਿੱਚ ਤੈਰਦੀ ਫਿਰ ਰਹੀ ਹੈ, ਦਰੱਖਤਾਂ ਉੱਤੇ ਟੰਗੀ ਹੋਈ ਹੈ?" ਇੱਕ ਅਫ਼ਸਰ ਨੇ ਕਿਹਾ।

"ਹਾਂ" ਦੂਜੇ ਅਫ਼ਸਰ ਨੇ ਜਵਾਬ ਦਿੱਤਾ, "ਮੰਨਣਾ ਹੀ ਪੈਂਦਾ ਹੈ ਅਤੇ ਮੈਂ ਹੁਣ ਤੱਕ ਏਹੀ ਸਮਝਦਾ ਰਿਹਾ ਕਿ ਡਬਲ-ਰੋਟੀ ਜਿਸ ਸ਼ਕਲ ਵਿੱਚ ਸਵੇਰੇ ਕੌਫੀ ਨਾਲ਼ ਮਿਲ਼ਦੀ ਹੈ ਉਹ ਉਸੇ ਹੀ ਰੂਪ ਵਿੱਚ ਤਿਆਰ ਹੁੰਦੀ ਹੈ ਅਤੇ ਪੈਦਾ ਹੁੰਦੀ ਹੈ।"

"ਤਾਂ ਨਤੀਜਾ ਇਹ ਨਿਕਲ਼ਿਆ ਕਿ, ਉਦਾਹਰਣ ਦੇ ਤੌਰ 'ਤੇ ਜੇਕਰ ਕੋਈ ਬਟੇਰ ਖਾਣਾ ਚਾਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਉਸ ਨੂੰ ਫੜ੍ਹੇ, ਉਸ ਦੀ ਧੌਣ ਉੱਪਰ ਛੁਰੀ ਚਲਾਵੇ, ਉਸ ਨੂੰ ਸਾਫ ਕਰੇ ਅਤੇ ਫਿਰ ਉਸ ਨੂੰ ਭੁੰਨੇ ਪਰ ਇਹ ਸਭ ਕੁਝ ਕੀਤਾ ਜਾਵੇ ਤਾਂ ਕਿਵੇਂ?"

"ਬਿਲਕੁਲ ਠੀਕ ਕਿਹਾ ਤੁਸੀਂ," ਦੂਸਰਾ ਅਫ਼ਸਰ ਬੋਲਿਆ। "ਇਹ ਸਭ ਕੁਝ ਹੋਵੇਗਾ ਤਾਂ ਕਿਵੇਂ?"

ਦੋਵੇਂ ਚੁੱਪ ਹੋ ਗਏ ਅਤੇ ਸੌਣ ਦੀ ਕੋਸ਼ਿਸ਼ ਕਰਨ ਲੱਗੇ। ਪਰ ਕੀ ਮਜਾਲ ਕਿ ਭੁੱਖ ਨੀਂਦ ਨੂੰ ਲਾਗੇ ਵੀ



ਫਟਕਣ ਦਿੰਦੀ। ਅੱਖਾਂ ਅੱਗੇ ਤਾਂ ਘੁੰਮ ਰਹੇ ਸਨ ਜੰਗਲ਼ੀ ਮੁਰਗੇ, ਬੱਤਖ਼ਾ ਅਤੇ ਸੂਰ—ਮੱਠੀ ਮੱਠੀ ਅੱਗ ਉੱਤੇ ਸੇਕੇ ਹੋਏ—ਖੀਰੇ, ਅਚਾਰ ਅਤੇ ਸਲਾਦਾਂ ਨਾਲ਼ ਸਜੇ ਹੋਏ।

"ਮੇਰਾ ਤਾਂ ਦਿਲ ਕਰਦਾ ਹੈ ਕਿ ਆਪਣੀ ਜੁੱਤੀ ਹੀ ਖਾ ਜਾਵਾਂ", ਇੱਕ ਅਫ਼ਸਰ ਨੇ ਕਿਹਾ।

"ਜੇਕਰ ਕਈ ਸਾਲਾਂ ਤੱਕ ਪਹਿਨੇ ਹੋਏ ਹੁੰਦੇ ਤਾਂ ਦਸਤਾਨੇ ਵੀ ਕੋਈ ਮਾੜੇ ਨਹੀਂ ਸੀ।" ਦੂਜੇ ਅਫ਼ਸਰ ਨੇ ਡੂੰਘਾ ਸਾਹ ਲੈਂਦੇ ਹੋਏ ਕਿਹਾ।

ਅਚਾਨਕ ਦੋਨਾਂ ਅਫ਼ਸਰਾਂ ਨੇ ਇੱਕ ਦੂਜੇ ਨੂੰ ਬੁਰੀ ਤਰ੍ਹਾਂ ਘੂਰਿਆ। ਦੋਵਾਂ ਦੀਆਂ ਅੱਖਾਂ ਵਿੱਚ ਖ਼ੂਨੀ ਪਿਆਸ ਚਮਕੀ, ਦੋਨਾਂ ਦੇ ਦੰਦ ਵੱਜੇ ਅਤੇ ਛਾਤੀ ਵਿੱਚੋਂ ਘਗਿਆਈ ਹੋਈ ਅਵਾਜ਼ ਨਿਕਲ਼ੀ। ਦੋਵੇਂ ਹੌਲ਼ੀ ਹੌਲ਼ੀ ਇੱਕ ਦੂਜੇ ਵੱਲ ਵੱਧਣ ਲੱਗੇ ਅਤੇ ਇੱਕ ਪਲ ਵਿੱਚ ਹੀ ਇੱਕ ਦੂਜੇ ਨੂੰ ਪਾੜ ਖਾਣ ਲਈ ਇੱਕ ਦੂਜੇ ਉੱਪਰ ਝਪਟ ਪਏ। ਉਨ੍ਹਾਂ ਦੇ ਕੱਪੜੇ ਲੀਰੋ ਲੀਰ ਹੋ ਕੇ ਉਨ੍ਹਾਂ ਦੇ ਸਰੀਰ ਤੋਂ ਡਿੱਗਣ ਲੱਗੇ, ਉਹ ਜ਼ੋਰ ਜ਼ੋਰ ਨਾਲ਼ ਰੋਣ-ਚੀਕਣ ਲੱਗੇ। ਸਕੂਲ ਵਿੱਚ ਸੁਲੇਖ ਦਾ ਅਧਿਆਪਕ ਰਹਿ ਚੁੱਕੇ ਅਫ਼ਸਰ ਨੇ ਆਪਣੇ ਸਾਥੀ ਦਾ ਤਮਗਾ

ਝਪਟ ਲਿਆ ਅਤੇ ਉਸ ਨੂੰ ਨਿਗਲ਼ ਲਿਆ। ਪਰ ਜਦ ਉਨ੍ਹਾਂ ਨੇ ਖ਼ੂਨ ਵਹਿੰਦਾ ਵੇਖਿਆ ਤਾਂ ਉਨ੍ਹਾਂ ਨੂੰ ਹੋਸ਼ ਆਇਆ।

"ਰਾਮ, ਰਾਮ।" ਦੋਵਾਂ ਨੇ ਇਕੱਠਿਆਂ ਹੀ ਕਿਹਾ। "ਇਸ ਤਰ੍ਹਾਂ ਤਾਂ ਅਸੀਂ ਦੋਵੇਂ ਇੱਕ ਦੂਜੇ ਨੂੰ ਵੱਢ ਖਾਵਾਂਗੇ!"

"ਪਰ ਅਸੀਂ ਏਥੇ ਆ ਕਿਵੇਂ ਫਸੇ! ਕੌਣ ਸੀ ਉਹ ਬਦਮਾਸ਼ ਜਿਸ ਨੇ ਸਾਡੇ ਨਾਲ਼ ਅਜਿਹਾ ਘਟੀਆ ਵਿਵਹਾਰ ਕੀਤਾ ਹੈ!"

"ਮੇਰੇ ਦੋਸਤ, ਕਿਸੇ ਤਰ੍ਹਾਂ ਗੱਲਬਾਤ ਕਰਕੇ ਸਮਾਂ ਲੰਘਾਉਣਾ ਚਾਹੀਦਾ ਹੈ, ਨਹੀਂ ਤਾਂ ਏਥੇ ਲਹੂ ਹੀ ਲਹੂ ਵਿਖਾਈ ਦੇਵੇਗਾ।" ਇੱਕ ਅਫ਼ਸਰ ਨੇ ਕਿਹਾ।

"ਤਾਂ ਸ਼ੁਰੂ ਕਰੀਏ!" ਦੂਜੇ ਅਫ਼ਸਰ ਨੇ ਜਵਾਬ ਦਿੱਤਾ।

"ਖ਼ੈਰ, ਇਸ ਮੁਸ਼ਕਲ ਬਾਰੇ ਤੁਹਾਡਾ ਕੀ ਵਿਚਾਰ ਹੈ—ਸੂਰਜ ਪਹਿਲਾਂ ਨਿਕਲ਼ਦਾ ਹੈ ਅਤੇ ਫਿਰ ਛਿਪਦਾ ਹੈ; ਇਸ ਤੋਂ ਉਲਟ ਕਿਉਂ ਨਹੀਂ ਹੁੰਦਾ?"

"ਤੁਸੀਂ ਵੀ ਬਹੁਤ ਅਜੀਬ ਆਦਮੀ ਹੋ, ਯਾਰ! ਤੁਸੀਂ ਵੀ ਤਾਂ ਪਹਿਲਾਂ ਉੱਠਦੇ ਹੋ ਫਿਰ ਦਫ਼ਤਰ ਜਾਂਦੇ ਹੋ, ਉੱਥੇ ਕਲਮ ਘਸੀਟਦੇ ਹੋ ਅਤੇ ਫਿਰ ਅਰਾਮ ਕਰਦੇ ਹੋ।"

ਪਰ ਕਿਉਂ ਇਸ ਦੇ ਉਲਟ ਕਿਉਂ ਨਾ ਹੋਵੇ—ਮੈਂ ਪਹਿਲਾਂ ਨੀਂਦ ਦਾ ਮਜ਼ਾ ਲਵਾਂ, ਵੱਖ ਵੱਖ ਸੁਪਨੇ ਵੇਖਾਂ ਅਤੇ ਫਿਰ ਬਿਸਤਰੇ 'ਚੋਂ ਉੱਠਾਂ?"

"ਹਾਂ, ਜਦੋਂ ਤੱਕ ਮੈਂ ਦਫ਼ਤਰ ਵਿੱਚ ਕੰਮ ਕਰਦਾ ਸੀ ਤਾਂ ਮੈਂ ਹਮੇਸ਼ਾ ਇਸੇ ਤਰ੍ਹਾਂ ਸੋਚਿਆ ਕਰਦਾ ਸੀ—



ਲਓ, ਸਵੇਰ ਹੋ ਗਈ, ਫਿਰ ਦਿਨ ਚੜ੍ਹੇਗਾ, ਫਿਰ ਸ਼ਾਮ ਦਾ ਖਾਣਾ ਖਾਧਾ ਜਾਵੇਗਾ ਅਤੇ ਫਿਰ ਅਰਾਮ ਕੀਤਾ ਜਾਵੇਗਾ।"

ਖਾਣੇ ਦੀ ਗੱਲ ਆਉਣ 'ਤੇ ਫਿਰ ਦੋਵਾਂ ਉੱਪਰ ਉਦਾਸੀ ਆਉਣ ਲੱਗੀ ਅਤੇ ਉਹ ਗੱਲਬਾਤ ਉੱਥੇ ਹੀ ਖ਼ਤਮ ਹੋ ਗਈ।

"ਮੈਂ ਕਿਸੇ ਡਾਕਟਰ ਕੋਲ਼ੋਂ ਸੁਣਿਆ ਸੀ ਕਿ ਇਨਸਾਨ ਬਹੁਤ ਸਮੇਂ ਤੱਕ ਆਪਣੇ ਸਰੀਰ ਵਿੱਚ ਜਜ਼ਬ ਤਰਲ ਪਦਾਰਥਾਂ ਦੇ ਸਹਾਰੇ ਜਿਉਂਦਾ ਰਹਿ ਸਕਦਾ ਹੈ।" ਇੱਕ ਅਫ਼ਸਰ ਨੇ ਮੁੜ ਗੱਲਬਾਤ ਸ਼ੁਰੂ ਕੀਤੀ।

"ਇਹ ਕਿਵੇਂ ਹੋ ਸਕਦਾ ਹੈ?"

"ਜੀ, ਇਵੇਂ ਹੀ ਹੁੰਦਾ ਹੈ—ਸਰੀਰ ਵਿੱਚ ਜਜ਼ਬ ਤਰਲਾਂ ਤੋਂ ਦੂਜੇ ਤਰਲ ਪੈਦਾ ਹੁੰਦੇ ਹਨ। ਇਹਨਾਂ ਤਰਲਾਂ ਤੋਂ ਅੱਗੇ ਹੋਰ ਤਰਲ ਪੈਦਾ ਹੁੰਦੇ ਹਨ। ਇੰਝ ਇਹ ਗੇੜ ਤਦ ਤੱਕ ਚੱਲਦਾ ਰਹਿੰਦਾ ਹੈ ਜਦੋਂ ਤੱਕ ਇਹ ਤਰਲ ਪਦਾਰਥ ਪੂਰੀ ਤਰ੍ਹਾਂ ਖ਼ਤਮ ਨਹੀਂ ਹੁੰਦੇ।"

"ਜਦੋਂ ਇਹ ਖ਼ਤਮ ਹੋ ਜਾਂਦੇ ਹਨ, ਫੇਰ?"

"ਫੇਰ ਕੋਈ ਨਾ ਕੋਈ ਭੋਜਨ ਮਿਲ਼ਣਾ ਹੀ ਚਾਹੀਦਾ ਹੈ।"

"ਫਿੱਟੇ ਮੂੰਹ।"

ਮਤਲਬ ਇਹ ਕਿ ਗੱਲਬਾਤ ਭਾਵੇਂ ਕੋਈ ਵੀ ਕਿਉਂ ਨਾ ਸ਼ੁਰੂ ਕਰੀਏ, ਉਹ ਘੁੰਮ ਫਿਰ ਕੇ ਖਾਣੇ ਨਾਲ਼ ਹੀ ਜਾ ਜੁੜਦੀ ਅਤੇ ਉਨ੍ਹਾਂ ਦੀ ਭੁੱਖ ਹੋਰ ਵਧ ਜਾਂਦੀ। ਉਨ੍ਹਾਂ ਨੇ ਗੱਲਬਾਤ ਬੰਦ ਕਰਨ ਦਾ ਫੈਸਲਾ ਕੀਤਾ। ਠੀਕ ਉਸੇ ਵੇਲ਼ੇ ਉਨ੍ਹਾਂ ਨੂੰ 'ਮੋਸਕੋਵਿਸਕੇ ਵੇਦੋਮੋਸਤੀ' ਅਖ਼ਬਾਰ ਦੀ ਪੁਰਾਣੀ ਕਾਪੀ ਦਾ ਖਿਆਲ ਆਇਆ ਅਤੇ ਉਹ ਦੋਵੇਂ ਉਸ ਨੂੰ ਬੜੇ ਚਾਅ ਨਾਲ਼ ਪੜ੍ਹਨ ਲੱਗ ਪਏ।

ਇੱਕ ਅਫ਼ਸਰ ਨੇ ਬਹੁਤ ਉਤੇਜਿਤ ਅਵਾਜ਼ ਵਿੱਚ ਪੜ੍ਹਨਾ ਸ਼ੁਰੂ ਕੀਤਾ—

"ਸਾਡੀ ਪ੍ਰਾਚੀਨ ਰਾਜਧਾਨੀ ਦੇ ਸਤਿਕਾਰਯੋਗ ਰਾਜਪਾਲ ਨੇ ਇੱਕ ਸ਼ਾਨਦਾਰ ਦਾਅਵਤ ਦਿੱਤੀ। ਸੌ ਦੇ ਕਰੀਬ ਲੋਕ ਉਸ ਵਿੱਚ ਹਾਜ਼ਰ ਸਨ, ਪ੍ਰਬੰਧ ਬਹੁਤ ਕਮਾਲ ਦਾ ਸੀ। ਹੈਰਾਨ ਕਰ ਦੇਣ ਵਾਲ਼ੀ ਇਸ ਦਾਅਵਤ ਵਿੱਚ ਸਾਰੇ ਦੇਸ਼ਾਂ ਦੇ ਇੱਕ ਤੋਂ ਵੱਧ ਇੱਕ ਤੋਹਫੇ ਸ਼ਾਮਿਲ ਸਨ। ਇਹ ਤੋਹਫੇ ਤਾਂ ਜਿਵੇਂ ਇੱਕ ਦੂਜੇ ਨੂੰ ਮਿਲਣ ਲਈ ਆਏ ਸਨ। ਕਿਹੋ ਜਿਹੀਆਂ ਸਵਾਦੀ ਚੀਜ਼ਾਂ ਸਨ—ਸੇਕਸਨਾ ਨਦੀ ਦੀ ਸੁਨਹਿਰੀ ਸਤੇਰ-ਲਿਆਦ ਮੱਛੀ, ਕਾਕੇਸ਼ੀਆ ਦੇ ਜੰਗਲ਼ਾਂ ਦੇ ਤਿੱਤਰ ਬਟੇਰੇ, ਫਰਵਰੀ ਮਹੀਨੇ ਦੀਆਂ ਸਾਡੇ ਉੱਤਰੀ ਹਿੱਸੇ ਦੀਆਂ ਦੁਰਲਭ ਸਟ੍ਰਾਬੇਰੀਆਂ ਵੀ ਸ਼ਾਮਿਲ ਸਨ।"

"ਹਾਏ ਹਾਏ! ਹੇ ਰੱਬਾ! ਯਾਰ, ਇਸ ਤੋਂ ਬਿਨਾਂ ਕੀ ਕੋਈ ਦੂਜੀ ਖ਼ਬਰ ਨਹੀਂ ਲੱਭ ਸਕਦੇ ਸੀ?" ਦੂਜਾ ਅਫ਼ਸਰ ਖਿੱਝ ਕੇ ਉੱਠ ਗਿਆ। ਆਪਣੇ ਦੋਸਤ ਦੇ ਹੱਥਾਂ 'ਚੋਂ ਅਖ਼ਬਾਰ ਖੋਹ ਕੇ ਖੁਦ ਪੜ੍ਹਨ ਲੱਗਾ—

"ਤੂਲਾ ਸ਼ਹਿਰ ਤੋਂ ਖ਼ਬਰ ਮਿਲੀ ਹੈ—ਕੱਲ੍ਹ ਊਪਾ ਨਦੀ ਵਿੱਚੋਂ ਸਟ੍ਰਜਨ ਮੱਛੀ ਫੜ੍ਹੇ ਜਾਣ ਦੀ ਖੁਸ਼ੀ ਵਿੱਚ ਸਥਾਨਕ ਕਲੱਬ ਵਿੱਚ ਇੱਕ ਸ਼ਾਨਦਾਰ ਸਮਾਰੋਹ ਮਨਾਇਆ ਗਿਆ (ਇਸ ਨਦੀ ਵਿੱਚੋਂ ਸਟ੍ਰਜਨ ਮੱਛੀ

ਦਾ ਫੜਿਆ ਜਾਣਾ ਇੱਕ ਅਜਿਹੀ ਅਨੋਖੀ ਘਟਨਾ ਹੈ, ਜਿਸ ਦੀ ਬੁੱਢੇ-ਠੇਰੇ ਲੋਕਾਂ ਨੂੰ ਵੀ ਯਾਦ ਨਹੀਂ। ਇਹੀ ਨਹੀਂ, ਇਸ ਇਲਾਕੇ ਦੇ ਠਾਣੇਦਾਰ ਅਤੇ ਮੱਛੀ ਵਿੱਚ ਬਹੁਤ ਸਮਾਨਤਾ ਸੀ) ਇਸ ਮੱਛੀ ਨੂੰ ਲੱਕੜ ਦੀ ਵੱਡੀ ਪਲੇਟ ਵਿੱਚ ਰੱਖ ਕੇ ਮੇਜ਼ ਉੱਤੇ ਸਜਾਇਆ ਗਿਆ। ਇਸ ਦੇ ਚਾਰੇ ਪਾਸੇ ਖੀਰੇ ਲੱਗੇ ਹੋਏ ਸਨ ਅਤੇ ਮੂੰਹ ਵਿੱਚ ਸਬਜ਼ੀ ਸੀ। ਡਾ. ਪੀ ਸਾਹਿਬ ਦੇ ਹੱਥਾਂ ਵਿੱਚ ਇਸ ਉਤਸਵ ਦਾ ਪ੍ਰਬੰਧ ਸੀ। ਉਨ੍ਹਾਂ ਨੇ ਇਸ ਗੱਲ ਦੀ ਪੂਰੀ ਕੋਸ਼ਿਸ਼ ਕੀਤੀ ਕਿ ਹਰ ਵਿਅਕਤੀ ਨੂੰ ਇਸ ਮੱਛੀ ਦੇ ਟੁਕੜੇ ਦਾ ਸੁਆਦ ਵੇਖਣ ਦਾ ਮੌਕਾ ਮਿਲ਼ੇ। ਚਟਣੀਆਂ ਏਨੀਆਂ ਸਵਾਦ ਸਨ ਕਿ ਹਰ ਆਦਮੀ ਉਂਗਲ਼ੀਆਂ ਚੱਟਦਾ ਰਹਿ ਗਿਆ।"

"ਮਾਫ ਕਰਨਾ, ਪਰ ਲੱਗਦਾ ਇੰਝ ਹੈ ਕਿ ਵਿਸ਼ੇ ਦੀ ਚੋਣ ਕਰਨ ਵਿੱਚ ਤੁਸੀਂ ਵੀ ਸਾਵਧਾਨੀ ਨਹੀਂ ਵਰਤੀ।" ਪਹਿਲੇ ਅਫ਼ਸਰ ਨੇ ਕਿਹਾ ਅਤੇ ਉਸ ਦੇ ਹੱਥੋਂ ਅਖ਼ਬਾਰ ਖੋਹ ਕੇ ਆਪ ਪੜ੍ਹਨ ਲੱਗਾ—

"ਵਿਆਤਕਾ ਸ਼ਹਿਰ ਤੋਂ ਖ਼ਬਰ ਮਿਲੀ ਹੈ—ਇੱਥੋਂ ਦੇ ਇੱਕ ਪੁਰਾਣੇ ਨਿਵਾਸੀ ਨੇ ਮੱਛੀ ਦਾ ਸ਼ੋਰਬਾ ਬਨਾਉਣ ਦੀ ਇੱਕ ਨਵੀਂ ਵਿਧੀ ਦੀ ਖੋਜ ਕੀਤੀ ਹੈ। ਇੱਕ ਵੱਡੀ ਟ੍ਰੋਟ ਮੱਛੀ ਲੈ ਕੇ ਉਸ ਦੀ ਖੱਲ ਇੰਝ ਉਧੇੜੋ ਕਿ ਦਰਦ ਨਾਲ਼ ਉਸ ਦਾ ਕਲੇਜਾ ਫੈਲ ਜਾਵੇ। ਫਿਰ..."

ਦੋਵੇਂ ਅਫ਼ਸਰ ਸਿਰ ਫੜ੍ਹ ਕੇ ਬਹਿ ਗਏ। ਉਹ ਜਿਸ ਚੀਜ਼ ਵੱਲ ਵੀ ਆਪਣਾ ਧਿਆਨ ਲਗਾਉਂਦੇ, ਉਹੀ ਚੀਜ਼ ਉਨ੍ਹਾਂ ਨੂੰ ਖਾਣ-ਪੀਣ ਦੀ ਯਾਦ ਦਿਲਾਉਂਦੀ। ਸੱਚ ਤਾਂ ਇਹ ਹੈ ਕਿ ਖੁਦ ਉਨ੍ਹਾਂ ਦੇ ਆਪਣੇ ਵਿਚਾਰ ਹੀ ਉਨ੍ਹਾਂ ਖਿਲਾਫ਼ ਸਾਜਿਸ਼ ਕਰ ਰਹੇ ਸਨ। ਮਤਲਬ ਕਿ ਉਹ ਭੁੰਨੇ ਹੋਏ ਮਾਸ ਦੇ ਖਿਆਲ ਨੂੰ ਜਿੰਨਾ ਵੱਧ ਆਪਣੇ ਦਿਮਾਗ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰਦੇ, ਉਨੀ ਹੀ ਉਨ੍ਹਾਂ ਨੂੰ ਵੱਧ ਯਾਦ ਸਤਾਉਂਦੀ।

ਸੁਲੇਖ ਦਾ ਅਧਿਆਪਕ ਰਹਿ ਚੁੱਕੇ ਉਸ ਅਫ਼ਸਰ ਦੇ ਦਿਮਾਗ ਨੇ ਅਚਾਨਕ ਕਲਪਨਾ ਦੀ ਉਡਾਣ ਭਰੀ...

"ਯਾਰ।" ਉਸਨੇ ਖੁਸ਼ ਹੋ ਕੇ ਕਿਹਾ। "ਜੇਕਰ ਆਪਾਂ ਕੋਈ ਪੇਂਡੂ ਬੰਦਾ ਲੱਭ ਲਈਏ, ਤਾਂ ਕਿਵੇਂ ਰਹੂ ?"

"ਕੀ ਮਤਲਬ ਤੇਰਾ—ਕਿਹੜਾ ਪੇਂਡੂ ?"

"ਉਹੀ ਆਮ ਪੇਂਡੂ—ਜਿਵੇਂ ਕਿ ਹੁੰਦੇ ਹਨ ਸਧਾਰਨ ਗਵਾਰ ਪੇਂਡੂ! ਉਹ ਵੀ ਸਾਡੇ ਲਈ ਡਬਲਰੋਟੀ ਲਿਆ ਸਕਦਾ ਹੈ, ਮੱਛੀਆਂ ਅਤੇ ਪਰਿੰਦੇ ਫੜ੍ਹ ਕੇ ਲਿਆ ਸਕਦਾ ਹੈ!"

"ਹਾਂ—ਪੇਂਡੂ—ਖਿਆਲ ਤਾਂ ਬਹੁਤ ਵਧੀਆ ਹੈ। ਪਰ ਜਦ ਇੱਥੇ ਕੋਈ ਪੇਂਡੂ ਹੈ ਹੀ ਨਹੀਂ, ਤਾਂ ਉਹ ਆਵੇਗਾ ਕਿੱਥੋਂ ?"

"ਪੇਂਡੂ ਨਾ ਹੋਵੇ—ਇਹ ਕਿਵੇਂ ਹੋ ਸਕਦਾ ਹੈ। ਪੇਂਡੂ ਹਰ ਥਾਂ ਹੁੰਦੇ ਹਨ, ਲੋੜ ਹੈ ਕੇਵਲ ਉਨ੍ਹਾਂ ਨੂੰ ਲੱਭਣ ਦੀ। ਇੱਥੇ ਹੀ, ਕਿਤੇ ਨਾ ਕਿਤੇ ਬੈਠਾ ਹੋਵੇਗਾ ਉਹ ਕੰਮ ਚੋਰ!"

ਇਹ ਖਿਆਲ ਦਿਮਾਗ ਵਿੱਚ ਆਉਂਦੇ ਹੀ ਦੋਵੇਂ ਅਫ਼ਸਰ ਖੁਸ਼ੀ ਨਾਲ਼ ਨੱਚ ਪਏ, ਉਹ ਖੁਸ਼ੀ ਖੁਸ਼ੀ ਜੋਸ਼ ਵਿੱਚ ਖੜ੍ਹੇ ਹੋਏ ਅਤੇ ਪੇਂਡੂ ਦੀ ਭਾਲ਼ ਵਿੱਚ ਤੁਰ ਪਏ।

ਸ਼ਾਮ ਤੱਕ ਉਹ ਦੋਵੇਂ ਇਧਰ-ਉੱਧਰ ਭਟਕਦੇ ਰਹੇ, ਪਰ ਕੋਈ ਵੀ ਪੇਂਡੂ ਨਾ ਮਿਲਿਆ। ਅੰਤ ਉਨ੍ਹਾਂ ਨੂੰ

ਮੋਟੇ ਆਟੇ ਦੀ ਰੋਟੀ ਅਤੇ ਕੱਚੇ ਮਾਸ ਦੀ ਮਹਿਕ ਆਈ। ਉਹ ਉਸੇ ਪਾਸੇ ਤੁਰ ਪਏ ਅਤੇ ਕੀ ਵੇਖਦੇ ਹਨ ਕਿ ਇਕ ਰੁੱਖ ਥੱਲੇ ਇੱਕ ਉੱਚਾ-ਲੰਮਾ ਆਦਮੀ ਢਿੱਡ ਫੁਲਾ ਕੇ ਸਿਰ ਥੱਲੇ ਬਾਂਹ ਰੱਖ ਕੇ ਲੰਮਾ ਪਿਆ ਹੈ। ਬਹੁਤ ਹੀ ਬੇਸ਼ਰਮੀ ਨਾਲ਼ ਹਰਾਮਖੋਰੀ ਕਰ ਰਿਹਾ ਸੀ ਉਹ ਲੰਮਾ ਪਿਆ! ਅਫ਼ਸਰ ਤਾਂ ਉਸ ਨੂੰ ਇੰਝ ਕੰਮ ਚੋਰੀ ਕਰਦੇ ਵੇਖ ਗੁੱਸੇ ਨਾਲ਼ ਭੜਕ ਪਏ।

"ਉਠ ਓਏ ਵਿਹਲੜਾ!" ਦੋਵੇਂ ਅਫ਼ਸਰ ਉਸ ਨੂੰ ਝਿੜਕਣ ਲੱਗੇ। "ਇਸ ਦੇ ਤਾਂ ਕੰਨਾਂ 'ਤੇ ਜੂੰ ਨਹੀਂ ਸਰਕਦੀ। ਤੈਨੂੰ ਦਿੱਸਦਾ ਨਹੀਂ ਓਏ, ਇੱਥੇ ਦੋ ਅਫ਼ਸਰ ਪਿਛਲੇ ਦੋ ਦਿਨਾਂ ਤੋਂ ਭੁੱਖ ਨਾਲ਼ ਮਰ ਰਹੇ ਹਨ! ਉੱਠ ਕੇ ਲੱਗ ਜਾ ਕੰਮ 'ਤੇ!"

ਪੇਂਡੂ ਉੱਠ ਕੇ ਬਹਿ ਗਿਆ ਅਤੇ ਕੀ ਦੇਖਦਾ ਹੈ ਕਿ ਅਫ਼ਸਰ ਬਹੁਤ ਗੁੱਸੇਖੋਰ ਆਦਮੀ ਹਨ। ਉਸ ਦਾ ਦਿਲ ਕੀਤਾ ਕਿ ਭੱਜ ਜਾਵੇ, ਪਰ ਅਫ਼ਸਰ ਉਸ ਉੱਤੇ ਇੰਝ ਟੁੱਟ ਪਏ ਕਿ ਉਸ ਦਾ ਭੱਜਣਾ ਮੁਸ਼ਕਿਲ ਹੋ ਗਿਆ।

ਉਹ ਉਹਨਾਂ ਦੀ ਸੇਵਾ ਵਿੱਚ ਲੱਗ ਗਿਆ।

ਪਹਿਲਾ ਕੰਮ ਜਿਹੜਾ ਉਸ ਨੇ ਕੀਤਾ ਕਿ ਰੁੱਖ ਉੱਪਰ ਚੜ੍ਹ ਗਿਆ ਅਤੇ ਅਫ਼ਸਰਾਂ ਲਈ ਦਸ ਦਸ



ਪੱਕੇ ਹੋਏ ਸੇਬ ਤੋੜ ਲਿਆਇਆ। ਖੁਦ ਆਪਣੇ ਲਈ ਉਸ ਨੇ ਇੱਕ ਖੱਟਾ ਜਿਹਾ ਸੇਬ ਰੱਖ ਲਿਆ। ਫਿਰ ਉਸ ਨੇ ਮਿੱਟੀ ਪੁੱਟੀ ਅਤੇ ਮਿੱਟੀ ਵਿੱਚੋਂ ਆਲੂ ਕੱਢੇ। ਉਸ ਤੋਂ ਬਾਅਦ ਉਸ ਨੇ ਦੋ ਲੱਕੜਾਂ ਲਿਆਂਦੀਆਂ ਉਨ੍ਹਾਂ ਨੂੰ ਰਗੜ ਕੇ ਅੱਗ ਬਾਲ਼ੀ। ਫਿਰ ਉਸ ਨੇ ਆਪਣੇ ਵਾਲ਼ਾਂ ਦਾ ਇੱਕ ਜਾਲ਼ ਬੁਣਿਆ ਅਤੇ ਇੱਕ ਬਟੇਰਾ ਫਸਾ ਲਿਆ। ਅਖੀਰ ਉਸ ਨੇ ਅੱਗ ਬਾਲ਼ ਕੇ ਕਈ ਤਰ੍ਹਾਂ ਦੇ ਇੰਨੇ ਭੋਜਨ ਤਿਆਰ ਕੀਤੇ ਖੁਦ ਅਫ਼ਸਰ ਵੀ ਸੋਚੇ ਬਿਨਾਂ ਨਾ ਰਹਿ ਸਕੇ—ਇਸ ਕੰਮਚੋਰ ਨੂੰ ਵੀ ਕੁਝ ਹਿੱਸਾ ਮਿਲ਼ਣਾ ਚਾਹੀਦਾ ਹੈ।

ਅਫ਼ਸਰਾਂ ਨੇ ਇਸ ਪੇਂਡੂ ਨੂੰ ਕਈ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰਦੇ ਵੇਖਿਆ, ਉਨ੍ਹਾਂ ਦੇ ਦਿਲ ਬਾਗੋ-ਬਾਗ ਹੋ ਗਏ। ਉਹ ਇਹ ਗੱਲ ਭੁੱਲ ਗਏ ਕਿ ਇੱਕ ਦਿਨ ਪਹਿਲਾਂ ਤਾਂ ਉਹ ਭੁੱਖ ਨਾਲ਼ ਮਰ ਰਹੇ ਸਨ। ਹੁਣ ਉਨ੍ਹਾਂ ਨੂੰ ਖਿਆਲ ਆਇਆ ਕਿ ਅਫ਼ਸਰ ਹੋਣਾ ਕਿੰਨੀ ਵਧੀਆ ਗੱਲ ਹੈ, ਹਰ ਥਾਂ ਕੰਮ ਕੱਢਿਆ ਜਾ ਸਕਦਾ ਹੈ!

"ਅਫ਼ਸਰ ਸਾਹਿਬ, ਤੁਸੀਂ ਖੁਸ਼ ਤਾਂ ਹੋ?" ਆਲਸੀ ਗੰਵਾਰ ਨੇ ਉਨ੍ਹਾਂ ਤੋਂ ਪੁੱਛਿਆ।

"ਹਾਂ, ਅਸੀਂ ਖੁਸ਼ ਹਾਂ ਦੋਸਤ! ਬਹੁਤ ਮਿਹਨਤ ਨਾਲ਼ ਕੰਮ ਕੀਤਾ ਹੈ ਤੂੰ!" ਅਫ਼ਸਰਾਂ ਨੇ ਜਵਾਬ ਦਿੱਤਾ।

"ਹੁਕਮ ਹੋਵੇ ਤਾਂ ਮੈਂ ਹੁਣ ਥੋੜ੍ਹਾ ਚਿਰ ਅਰਾਮ ਕਰ ਲਵਾਂ?"

"ਹਾਂ, ਹਾਂ ਤੈਨੂੰ ਆਗਿਆ ਹੈ ਅਰਾਮ ਕਰਨ ਦੀ। ਪਰ ਜਾਣ ਤੋਂ ਪਹਿਲਾਂ ਇੱਕ ਰੱਸੀ ਬਣਾ ਕੇ ਦੇ ਜਾਈਂ।"

ਪੇਂਡੂ ਨੇ ਫਟਾਫਟ ਜੰਗਲੀ ਸਣ ਇਕੱਠਾ ਕੀਤਾ, ਉਸ ਨੂੰ ਪਾਣੀ ਵਿੱਚ ਭਿਉਂ ਕੇ ਨਰਮ ਕੀਤਾ, ਕੁੱਟ ਕੁੱਟ ਕੇ ਉਸ ਦੀ ਮੁੰਜ ਬਣਾ ਲਈ। ਸ਼ਾਮ ਢਲ਼ਦੇ ਢਲ਼ਦੇ ਰੱਸੀ ਬਣ ਗਈ। ਅਫ਼ਸਰਾਂ ਨੇ ਇਸ ਰੱਸੀ ਨਾਲ਼ ਪੇਂਡੂ ਨੂੰ ਇੱਕ ਰੁੱਖ ਨਾਲ਼ ਬੰਨ੍ਹ ਦਿੱਤਾ ਤਾਂ ਕਿ ਕਿੱਧਰੇ ਭੱਜ ਨਾ ਜਾਵੇ ਅਤੇ ਖੁਦ ਅਰਾਮ ਕਰਨ ਲਈ ਲੰਮੇ ਪੈ ਗਏ।

ਇੱਕ ਦਿਨ ਲੰਘਿਆ, ਦੂਜਾ ਦਿਨ ਲੰਘਿਆ। ਏਨੇ ਸਮੇਂ ਵਿੱਚ ਪੇਂਡੂ ਏਨਾ ਹੁਸ਼ਿਆਰ ਹੋ ਗਿਆ ਕਿ ਬੁੱਕ ਵਿੱਚ ਸ਼ੋਰਬਾ ਤਿਆਰ ਕਰਨ ਲੱਗ ਪਿਆ! ਅਫ਼ਸਰਾਂ ਦੇ ਦਿਨ ਖੂਬ ਮਜ਼ੇ ਵਿੱਚ ਲੰਘਣ ਲੱਗੇ, ਖੂਬ ਮੋਟੇ ਤਾਜ਼ੇ ਹੋ ਗਏ ਉਹ, ਉਨ੍ਹਾਂ ਦੀ ਗੋਗੜ ਵਧਣ ਲੱਗੀ ਅਤੇ ਰੰਗ ਨਿੱਖਰ ਆਇਆ। ਹੁਣ ਉਹ ਆਪਸ ਵਿੱਚ ਗੱਲਬਾਤ ਕਰਦੇ—ਇੱਥੇ ਤਾਂ ਹਰ ਚੀਜ਼ ਤਿਆਰ-ਬਰ-ਤਿਆਰ ਮਿਲ਼ਦੀ ਹੈ ਅਤੇ ਇਸੇ ਸਮੇਂ ਦੌਰਾਨ ਸਾਡੀਆਂ ਪੈਨਸ਼ਨਾਂ ਪੀਟਰਜ਼ਬਰਗ ਵਿੱਚ ਜਮ੍ਹਾ ਹੁੰਦੀਆਂ ਜਾ ਰਹੀਆਂ ਹਨ।

"ਕੀ ਖਿਆਲ ਹੈ ਤੇਰਾ, ਯਾਰ, ਇਹ ਜਿਹੜੀ ਬਾਬਲ ਦੀ ਮੀਨਾਰ* ਦੀ ਗੱਲ ਕੀਤੀ ਜਾਂਦੀ ਹੈ, ਇਹ ਗੱਲ ਸੱਚ ਹੈ ਜਾਂ ਫਿਰ ਮਨਘੜ੍ਹਤ ਕਿੱਸਾ?" ਨਾਸ਼ਤੇ ਤੋਂ ਬਾਅਦ ਇੱਕ ਅਫ਼ਸਰ ਨੇ ਦੂਜੇ ਤੋਂ ਪੁੱਛਿਆ।

"ਮੇਰੇ ਖਿਆਲ ਅਨੁਸਾਰ ਤਾਂ ਇਹ ਸੱਚ ਹੈ, ਨਹੀਂ ਤਾਂ ਦੁਨੀਆਂ ਵਿੱਚ ਬਹੁਤ ਸਾਰੀਆਂ ਵੱਖ ਵੱਖ

---

* **ਬਾਬਲ ਦੀ ਮੀਨਾਰ** ਦਾ ਨਿਰਮਾਣ ਬਾਈਬਲ ਵਿੱਚ ਮਿਲ਼ਣ ਵਾਲ਼ੀ ਇੱਕ ਪੁਰਾਣੀ ਕਹਾਣੀ ਹੈ। ਇਸ ਕਹਾਣੀ ਦਾ ਸਾਰ ਇਹ ਹੈ ਕਿ ਬਾਬਲ ਦੀ ਮੀਨਾਰ ਦੇ ਨਿਰਮਾਤਾ ਇਸ ਨੂੰ ਏਨੀ ਉੱਚੀ ਬਨਾਉਣਾ ਚਾਹੁੰਦੇ ਸਨ ਕਿ ਉਹ ਆਸਮਾਨ ਨੂੰ ਛੋਹ ਸਕੇ। ਪਰ ਪਰਮਾਤਮਾ ਨੇ ਨਿਰਮਾਣ ਕਰਤਾਵਾਂ ਨੂੰ ਸਜ਼ਾ ਦੇ ਕੇ ਉਨਾਂ ਦੀ ਭਾਸ਼ਾ ਇੰਝ ਬਦਲ ਦਿੱਤੀ ਕਿ ਉਹ ਇੱਕ ਦੂਜੇ ਦੀ ਗੱਲ ਸਮਝਣ ਤੋਂ ਅਸਮਰੱਥ ਹੋ ਗਏ।



ਭਾਸ਼ਾਵਾਂ ਹੋਣ ਦਾ ਕੀ ਕਾਰਨ ਹੋ ਸਕਦਾ ਹੈ!"

"ਫਿਰ ਤਾਂ ਇਹ ਗੱਲ ਵੀ ਠੀਕ ਹੈ ਕਿ ਪਰਲੋ ਆਈ ਸੀ?"

"ਸੁਆਹ ਪਰਲੋ ਆਈ ਸੀ, ਪਰਲੋ ਤੋਂ ਪਹਿਲਾਂ ਜਾਨਵਰਾਂ ਦੀ ਹੋਂਦ ਨੂੰ ਕਿਵੇਂ ਸਪੱਸ਼ਟ ਕੀਤਾ ਜਾ ਸਕਦਾ ਹੈ? ਅਤੇ ਫਿਰ 'ਮੋਸਕੋਵਿਸਕੇ ਵੇਦੋਮੋਸਤੀ' ਲਿਖਦਾ ਹੈ ਕਿ—

"ਹੁਣ ਜੇਕਰ 'ਮੋਸਕੋਵਿਸਕੇ ਵੇਦੋਮੋਸਤੀ' ਦੀ ਕਾਪੀ ਪੜ੍ਹੀ ਜਾਵੇ ਤਾਂ ਕਿੰਝ ਰਹੂ?"

ਅਖ਼ਬਾਰ ਦੀ ਕਾਪੀ ਲੱਭੀ ਗਈ, ਦੋਨੋਂ ਸਾਹਬ ਅਰਾਮ ਨਾਲ਼ ਥੱਲੇ ਜਾ ਬੈਠੇ ਅਤੇ ਸ਼ੁਰੂ ਤੋਂ ਅਖ਼ੀਰ ਤੱਕ ਉਸ ਨੂੰ ਪੜ੍ਹਨ ਲੱਗੇ। ਉਨ੍ਹਾਂ ਨੇ ਮਾਸਕੋ, ਤੂਲਾ, ਪੇਂਜਾ ਅਤੇ ਰਿਆਜਾਨ ਦੀਆਂ ਦਾਅਵਤਾਂ ਦੀ ਪੂਰੀ ਵਿਆਖਿਆ ਪੜ੍ਹੀ, ਪਰ ਇਸ ਵਾਰੀ ਉਹਨਾਂ ਦਾ ਜੀਅ ਕੱਚਾ ਨਾ ਹੋਇਆ!

* * *

ਬਹੁਤ ਦਿਨ ਲੰਘੇ ਜਾਂ ਥੋੜ੍ਹੇ, ਆਖ਼ਰਕਾਰ ਅਫ਼ਸਰ ਉੱਥੇ ਰਹਿੰਦੇ ਰਹਿੰਦੇ ਉਦਾਸ ਹੋ ਗਏ। ਵਾਰ ਵਾਰ ਉਨ੍ਹਾਂ ਨੂੰ ਪੀਟਰਜ਼ਬਰਗ ਵਿੱਚ ਰਹਿੰਦੀਆਂ ਰਸੋਈਦਾਰਨਾਂ ਦੀ ਯਾਦ ਸਤਾਉਣ ਲੱਗੀ। ਕਦੀ ਕਦੀ ਤਾਂ ਉਹ ਲੁਕ ਲੁਕ ਕੇ ਰੋਂਦੇ ਵੀ।

"ਯਾਰ, ਪਤਾ ਨਹੀਂ ਇਸ ਵੇਲ਼ੇ ਕੀ ਹੋ ਰਿਹਾ ਹੋਵੇਗਾ ਪੋਦਾਚੇਸਕਾਯਾ ਸੜਕ 'ਤੇ?" ਇੱਕ ਅਫ਼ਸਰ ਨੇ ਦੂਜੇ ਨੂੰ ਪੁੱਛਿਆ।

"ਉਸ ਦਾ ਜ਼ਿਕਰ ਨਾ ਕਰੋ ਯਾਰ,! ਦਿਲ ਟੋਟੇ ਟੋਟੇ ਹੁੰਦਾ ਜਾ ਰਿਹਾ ਹੈ!" ਦੂਜੇ ਅਫ਼ਸਰ ਨੇ ਜਵਾਬ ਦਿੱਤਾ।

"ਉਂਝ ਤਾਂ ਏਥੇ ਵੀ ਬਹੁਤ ਮਜ਼ਾ ਹੈ—ਅਜਿਹਾ ਮਜ਼ਾ ਕਿ ਜਿਸ ਨੂੰ ਬੋਲ ਕੇ ਨਹੀਂ ਦੱਸਿਆ ਜਾ ਸਕਦਾ! ਪਰ ਫਿਰ ਵੀ ਭੇਡੂ ਨੂੰ ਭੇਡ ਤੋਂ ਵੱਖ ਹੋ ਕੇ ਚੈਨ ਨਹੀਂ ਮਿਲ਼ਦਾ ਅਤੇ ਫਿਰ ਵਰਦੀ ਦਾ ਵੀ ਤਾਂ ਕੋਈ ਘੱਟ ਦੁੱਖ ਨਹੀਂ!"

"ਦੁੱਖ ਵਰਗਾ ਦੁੱਖ ਹੈ ਇਹ! ਵਰਦੀ ਵੀ ਚੌਥੇ ਦਰਜੇ ਅਫ਼ਸਰ ਦੀ। ਉਸਦੀ ਤਾਂ ਸਿਲਾਈ ਵੇਖ ਕੇ ਹੀ ਸਿਰ ਚਕਰਾਉਣ ਲੱਗਦਾ ਹੈ!"

ਹੁਣ ਉਹ ਦੋਨੋਂ ਉਸ ਪੇਂਡੂ ਉੱਤੇ ਇਸ ਗੱਲ ਲਈ ਦਬਾਅ ਪਾਉਣ ਲੱਗੇ ਕਿ ਉਹ ਉਨ੍ਹਾਂ ਨੂੰ ਪੋਦਾਚੇਸਕਾਯਾ ਸੜਕ ਉੱਤੇ ਸਥਿਤ ਉਨ੍ਹਾਂ ਦੇ ਘਰ ਪਹੁੰਚਾ ਦੇਵੇ। ਤੇ ਹੋਰ ਸੁਣੋ! ਪੇਂਡੂ ਤਾਂ ਉਨ੍ਹਾਂ ਦੀ ਪੋਦਾਚੇਸਕਾਯਾ ਸੜਕ ਵੀ ਜਾਣਦਾ ਹੈ। ਉਹ ਉੱਥੇ ਜਾ ਚੁੱਕਾ ਹੈ, ਮੁੱਛਾਂ ਨੂੰ ਸ਼ਰਾਬ ਅਤੇ ਸ਼ਹਿਦ ਵਿੱਚ ਚੋਪੜ ਚੁੱਕਾ ਹੈ, ਪਰ ਉਸ ਦੇ ਮਜ਼ੇ ਤੋਂ ਵਾਂਝਾ ਰਿਹਾ ਹੈ।

"ਅਸੀਂ ਪੋਦਾਚੇਸਕਾਯਾ ਦੇ ਹੀ ਤਾਂ ਅਫ਼ਸਰ ਹਾਂ।" ਅਫ਼ਸਰਾਂ ਨੇ ਖੁਸ਼ ਹੋ ਕੇ ਕਿਹਾ।

"ਜਿੱਥੇ ਤੱਕ ਮੇਰੀ ਗੱਲ ਹੈ ਹਜ਼ੂਰ, ਤਾਂ ਤੁਸੀਂ ਆਪਣੇ ਘਰੋਂ ਬਾਹਰ ਰੱਸੀ ਸਹਾਰੇ ਲਟਕ ਕੇ ਕੰਧਾਂ ਜਾਂ ਛੱਤਾਂ ਰੰਗਣ ਵਾਲ਼ੇ ਅਤੇ ਮੱਖੀ ਵਰਗੇ ਦਿੱਸਣ ਵਾਲ਼ੇ ਕਿਸੇ ਆਦਮੀ ਨੂੰ ਵੇਖਿਆ ਹੋਵੇਗਾ? ਮੈਂ ਉਹੀ ਆਦਮੀ ਹਾਂ, ਸਰਕਾਰ!" ਪੇਂਡੂ ਨੇ ਉੱਤਰ ਦਿੱਤਾ।

ਹੁਣ ਪੇਂਡੂ ਦਿਮਾਗ ਉੱਤੇ ਜ਼ੋਰ ਦੇ ਕੇ ਇਹ ਸੋਚਣ ਲੱਗਾ ਕਿ ਕਿੰਝ ਉਨ੍ਹਾਂ ਅਫ਼ਸਰਾਂ ਨੂੰ ਖੁਸ਼ ਕਰੇ, ਜੋ ਉਸ ਨਿਕੰਮੇ ਨਾਲ਼ ਏਨੀ ਮਿਹਰਬਾਨੀ ਨਾਲ਼ ਪੇਸ਼ ਆਏ ਸਨ ਅਤੇ ਉਨ੍ਹਾਂ ਨੇ ਉਸ ਪੇਂਡੂ ਦੇ ਕੰਮ ਕਾਰ ਤੇ ਨੱਕ-ਬੁੱਲ੍ਹ ਨਹੀਂ ਕੱਢੇ ਸਨ। ਸੋਚ-ਸੋਚ ਕੇ ਉਸਨੇ ਇਹ ਕੀਤਾ ਕਿ ਇੱਕ ਜਹਾਜ਼ ਬਣਾ ਲਿਆ। ਜਹਾਜ਼ ਤਾਂ ਖੈਰ ਉਸ ਨੇ ਕੀ ਬਣਾਉਣਾ ਸੀ ਪਰ ਇੱਕ ਅਜਿਹੀ ਕਿਸ਼ਤੀ ਜ਼ਰੂਰ ਬਣਾ ਲਈ ਜਿਸ ਨਾਲ਼ ਸਮੁੰਦਰ ਤੋਂ ਪਾਰ ਪੋਦਾਚੇਸਕਾਯਾ ਸੜਕ 'ਤੇ ਸਹੀ ਸਲਾਮਤ ਪਹੁੰਚਿਆ ਜਾ ਸਕੇ।

"ਦੇਖ ਓਏ ਬਦਮਾਸ਼ ਕਿਤੇ ਸਾਨੂੰ ਡੋਬ ਹੀ ਨਾ ਦੇਣਾ!" ਉਸ ਨਾ-ਮਾਤਰ ਦੇ ਜਹਾਜ਼ ਨੂੰ ਸਮੁੰਦਰੀ ਲਹਿਰਾ ਨਾਲ਼ ਡੋਲਦੇ ਹੋਏ ਵੇਖ ਕੇ ਅਫ਼ਸਰਾਂ ਨੇ ਉਸ ਨੂੰ ਝਿੜਕਿਆ।

"ਤਸੱਲੀ ਰੱਖੋ, ਹਜ਼ੂਰ! ਇਹ ਕੋਈ ਪਹਿਲੀ ਵਾਰੀ ਤਾਂ ਨਹੀਂ ਹੈ," ਉਸਨੇ ਜਵਾਬ ਦਿੱਤਾ ਤੇ ਸਫਰ ਦੀ ਤਿਆਰੀ ਕਰ ਲਈ।

ਪੇਂਡੂ ਨੇ ਹੰਸਾਂ ਦੇ ਕੂਲ਼ੇ ਕੂਲ਼ੇ ਖੰਭ ਇਕੱਠੇ ਕਰਕੇ ਉਸ ਨੂੰ ਕਿਸ਼ਤੀ ਵਿੱਚ ਵਿਛਾਇਆ ਅਤੇ ਅਫ਼ਸਰਾਂ ਨੂੰ ਉਸ ਬਿਸਤਰੇ 'ਤੇ ਲਿਟਾ ਦਿੱਤਾ। ਫਿਰ ਉਸ ਨੇ ਅਫ਼ਸਰਾਂ ਦਾ ਨਾਮ ਲਿਆ, ਸਲੀਬ ਬਣਾਈ ਅਤੇ ਕਿਸ਼ਤੀ ਚਲਾ ਦਿੱਤੀ। ਰਸਤੇ ਵਿੱਚ ਜਦੋਂ ਤੂਫ਼ਾਨ ਆਉਂਦੇ, ਤੇਜ਼ ਹਵਾਵਾਂ ਚੱਲਦੀਆਂ, ਤਾਂ ਅਫ਼ਸਰਾਂ ਦੀ ਜਾਨ ਨਿਕਲਦੀ ਤੇ ਉਹ ਪੇਂਡੂ ਨੂੰ ਉਸ ਦੇ ਆਲਸ, ਉਸ ਦੀ ਕੰਮਚੋਰੀ ਲਈ ਅਜਿਹੇ ਗੰਦੇ-ਮੰਦੇ ਸ਼ਬਦ ਬੋਲਦੇ ਕਿ

ਜਿਸਨੂੰ ਕਲਮ ਲਿਖ ਨਾ ਸਕੇ ਅਤੇ ਜੀਭ ਜਿਸਨੂੰ ਬਿਆਨ ਨਾ ਕਰ ਸਕੇ। ਪਰ ਪੇਂਡੂ ਸੀ ਕਿ ਕਿਸ਼ਤੀ ਚਲਾਉਂਦਾ ਰਿਹਾ, ਕਿਸ਼ਤੀ ਅੱਗੇ ਹੋਰ ਅੱਗੇ ਵਧਾਉਂਦਾ ਰਿਹਾ ਅਤੇ ਅਫ਼ਸਰਾਂ ਨੂੰ ਨਮਕੀਨ ਮੱਛੀਆਂ ਖਿਲਾਉਂਦਾ ਰਿਹਾ।

ਅੰਤ ਨੇਵਾ-ਮੈਯਾ ਨਜ਼ਰੀਂ ਪਈ, ਉਸ ਤੋਂ ਅੱਗੇ ਵਿਖਾਈ ਦਿੱਤੀ ਮਸ਼ਹੂਰ ਮਹਾਰਾਣੀ ਯੇਕਾਤੇਰੀਨਾ ਦੀ ਨਹਿਰ ਅਤੇ ਫਿਰ ਉੱਥੇ ਹੀ ਤਾਂ ਸੀ ਵੱਡੀ ਪੋਦਾਚੇਸਕਾਯਾ ਸੜਕ! ਇੰਝ ਪਹੁੰਚ ਗਏ ਉਹ, ਸੁੱਖੀ-ਸਾਂਦੀਂ ਆਪਣੇ ਘਰ! ਰਸੋਈਦਾਰਨਾਂ ਤਾਂ ਹੱਕੀਆਂ ਬੱਕੀਆਂ ਰਹਿ ਗਈਆਂ। ਕਿੰਝ ਮੋਟੇ-ਤਾਜ਼ੇ ਹੋ ਗਏ ਹਨ ਉਨ੍ਹਾਂ ਦੇ ਸਾਹਿਬ, ਕਿੰਨਾ ਨਿਖਾਰ ਹੈ ਚਿਹਰੇ ਉੱਤੇ, ਕਿੰਨੇ ਖੁਸ਼, ਕਿੰਨੇ ਮਜ਼ੇ ਵਿੱਚ ਵਿਖਾਈ ਦੇ ਰਹੇ ਹਨ ਉਹ! ਅਫ਼ਸਰਾਂ ਨੇ ਕੌਫੀ ਪੀਤੀ, ਡਬਲਰੋਟੀਆਂ ਖਾਧੀਆਂ ਅਤੇ ਵਰਦੀਆਂ ਪਾ ਲਈਆਂ। ਵਰਦੀਆਂ ਪਾ ਕੇ ਉਹ ਪਹੁੰਚੇ ਸਰਕਾਰੀ ਖਜ਼ਾਨੇ, ਉੱਥੋਂ ਜੋ ਪੈਨਸ਼ਨ ਦੀ ਰਕਮ ਮਿਲੀ, ਉਹ ਇੰਨੀ ਜ਼ਿਆਦਾ ਸੀ ਕਿ ਜੋ ਨਾ ਲਿਖੀ ਜਾ ਸਕੇ, ਨਾ ਦੱਸੀ ਜਾ ਸਕੇ!

ਸਾਹਿਬ ਲੋਕਾਂ ਨੇ ਪੇਂਡੂ ਨੂੰ ਭੁਲਾਇਆ ਨਹੀਂ। ਉਸ ਨੂੰ ਵੋਦਕਾ ਦਾ ਜਾਮ ਭਰਕੇ ਭੇਜਿਆ ਅਤੇ ਚਾਂਦੀ ਦੇ ਪੰਜ ਕੋਪੇਕ ਇਨਾਮ ਦੇ ਤੌਰ 'ਤੇ ਦਿੱਤੇ। ਜਾ, ਐਸ਼ ਕਰ ਪੇਂਡੂ ਮੀਆਂ!

1896



ਅਨੁਰਾਗ ਟਰੱਸਟ ਵੱਲੋਂ ਪ੍ਰਕਾਸ਼ਤ ਕਿਤਾਬਾਂ

1.	ਇਵਾਨ (ਵਲਾਦੀਮੀਰ ਬਗਾਮੋਲੋਵ)	40.00
2.	ਵਾਂਕਾ (ਐਂਤੋਨ ਚੇਖ਼ਵ)	15.00
3.	ਕਿਸਮਤ ਆਪੋ ਆਪਣੀ (ਜੈਨੇਂਦਰ)	20.00
4.	ਕੋਹੇਕਾਫ਼ ਦਾ ਕੈਦੀ (ਲਿਓ ਤਾਲਸਤਾਏ)	30.00
5.	ਛੱਤ 'ਤੇ ਫਸ ਗਿਆ ਬਿੱਲਾ ਅਤੇ ਤਿੰਨ ਕਹਾਣੀਆਂ (ਵਿਤਾਉਤੇ ਜਿਲਿੰਸਕਾਈਤੇ)	20.00
6.	ਅਜੀਬੋ ਗ਼ਰੀਬ ਕਿੱਸੇ (ਹੋਲਗਰ ਪੁੱਕ)	20.00
7.	ਦੋ ਹਿੰਮਤੀ ਕਹਾਣੀਆਂ (ਹੋਲਗਰ ਪੁੱਕ)	15.00
8.	ਨਵੇਂ ਜ਼ਮਾਨੇ ਦੀਆਂ ਪਰੀ-ਕਥਾਵਾਂ (ਹੋਲਗਰ ਪੁੱਕ)	20.00
9.	ਅਸੀਂ ਸੂਰਜ ਨੂੰ ਵੇਖ ਸਕਦੇ ਹਾਂ (ਮਿਕੋਲਾ ਗਿਲ, ਦਾਯਰ ਸਲਾਵਕੋਵਿਚ)	10.00
10.	ਗੁਫ਼ਾ ਮਾਨਵਾਂ ਦੀਆਂ ਕਹਾਣੀਆਂ (ਮੈਰੀ ਮਾਰਸ)	20.00
11.	ਕਿੱਸਾ ਇਹ ਕਿ ਇੱਕ ਪੇਂਡੂ ਨੇ ਦੋ ਅਫ਼ਸਰਾਂ ਦਾ ਢਿੱਡ ਕਿਵੇਂ ਭਰਿਆ (ਮਿਖਾਈਲ ਸਲਿਤਕੋਵ-ਸ਼ਚੇਦ੍ਰਿਨ)	15.00
12.	ਸਦਾਨੰਦ ਦੀ ਛੋਟੀ ਦੁਨੀਆਂ (ਸੱਤਿਆਜੀਤ ਰਾਏ)	10.00

ਅਨੁਰਾਗ
ਟਰੱਸਟ